# ਅੰਮ੍ਰਿਤ ਕੀਰਤਨ

ੴ

ਅਗਸਤ 2011



ਬਾਦਸ਼ਾਹ ਅਕਬਰ, ਤਾਨਸੈਨ ਅਤੇ ਸਵਾਮੀ ਹਰੀਦਾਸ

Courtesy : hisvorpal.wordpress.com

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



## ਪੂਰਬ ਜਨਮ ਕੇ ਮਿਲੇ ਸੰਜੋਗੀ

ਕੋਈ ਕਿੱਥੋਂ ਕੋਈ ਕਿੱਥੋਂ,
ਸਭ ਮਿਲਕੇ ਪਰਿਵਾਰ ਸਦਾਇਆ।

ਸੰਬੰਧੀਆਂ ਦਾ ਟੋਲਾ ਬਣਿਆ,
ਕੋਈ ਬਣਿਆ ਮਾਪਿਉ ਜਾਇਆ।

ਭੈਣ ਭਣੱਈਏ ਸਾਲੇ ਸਾਲੀ,
ਪੁੱਤ ਭਤੀਜੇ ਮੇਲ ਬਣਾ ਕੇ।

ਸੰਤੋਖ ਅੰਤ ਨੂੰ ਅੱਡ ਹੈ ਹੋਣਾ,
ਕੀ ਚਾਚਾ ਕੀ ਤਾਇਆ।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

ਚੰਦੇ ਦਾ ਵੇਰਵਾ

- ▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ
  'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।
  ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ


ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ

ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)

422, ਸੈਕਟਰ 15-ਏ, ਚੰਡੀਗੜ੍ਹ 160 015

ਫੋਨ : 0172-277266●, ●9814● 5363●

e-mail: drjagirsingh@gmail.com

Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**


## ਇਸ ਅੰਕ ਵਿਚ


ਮ੍ਰਿਤ ਅਸਾਡੜੇ ਸੇਈ 4

ਕਰਉ ਬੇਨੰਤੀਆ - There are little eyes upon you 6

ਸੰਗੀਤ ਦਾ ਬਾਦਸ਼ਾਹ ਤਾਨਸੈਨ
ਬਲਬੀਰ ਸਿੰਘ ਕੰਵਲ, ਲੰਡਨ 7

ਸਰਗੁਣ ਪ੍ਰਮੇਸ਼ਵਰ
ਕਰਮ ਸਿੰਘ ਰਤਨ 13

ਗੁਰੂ ਗ੍ਰਨ੍ਥ ਸਾਹਿਬ ਮੇਂ ਸੰਗੀਤ ਕੀ ਮਹੱਤਾ – ਨਵ ਪਰਿਪੇਕ੍ਸ਼੍ਯ
ਨਰੇਨ੍ਦ੍ਰ ਕੌਰ 15

ਰਾਗ ਮਾਝ ਇੱਕ ਅਧਿਐਨ
ਡਾ. ਰਾਜੇਸ਼ ਸ਼ਰਮਾ 20

ਸੁਰ ਲਿਪੀ - ਰਾਗ ਮਾਝ 25

ਸੁਰ ਲਿਪੀ ਵਾਲੇ ਸ਼ਬਦ ਦੇ ਅਰਥ 26


**Please forward your e-mail id at drjagirsingh@gmail.com**

# ਮਿਤ੍ਰ ਅਸਾਡੜੇ ਸੇਈ

I am delighted to receive the July issue of your wonderful magazine, more so to read the well-researched articles. I must congratulate you for creating this modern tradition that projects and promotes the inspiring message of Gurbani globally. It is an extremely difficult task to carry on with a project like this with little or no outside help. But that alone is the irrefutable evidence that yours is a missionary work sustained by the grace of God. The article by Sumit Kaur "Let us try to understand Gurbani" carries an impassioned appeal to the readers to make an attempt in the direction of accessing the spirit of Gurbani not only as a path-finding divine exhortation but also as the staple diet of the soul. Hers is a pragmatic approach to the problem of growing atheism and takes its direction from the inexhaustible treasure of the Revealed Word.

"Taha baikuntth jah kirtan(u) tera" is an insightful piece of literature by Kartar Singh Neeldhari, and his analysis why sufiana singing became a bane for Nusrat Fateh Ali is convincing. It should be a warning for those who are tempted to earn a quick buck or achieve fame overnight. It is well to remember that Guru Nanak Dev, world's most dynamic prophet, made Dharma, the cosmic moral, as the foundation of the Sikh Faith, urging one and all to be ethical in all kinds of dealings during workaday existence as a starting point of the spiritual journey. And this holds true for all the peoples of the world regardless of their colour, creed, or ethnic eccentricities. Only I wish to point out that the author has used an incorrect phrase to conclude his otherwise valuable write-up: nazar-i-manzoor, which should have been manzoor-i-nazar! Rishpal Singh has revealed new dimensions of Hindustani music vis-á-vis the gharana tradition and institutional music, and made an apt suggestion to combine the two to promote this precious legacy in modern lifestyle worldwide.

To widen the scope of your magazine I suggest that select articles written in Punjabi should be got translated in English by competent scholars and published in it subsequent to their original appearance. It is the English-knowing readership that needs such reading most because their long exposure to the western culture and technological advancement makes them easy victims of atheism than their Punjabi counterparts who are blissfully quarantined in local culture safe from the stated corrupting influences. I urge you to publish this letter in your next issue without abridgement.

Dr SS Bhatti, Former Principal, Chandigarh College of Architecture, Chandigarh [1982-1996], Ex-Fellow and Dean, Faculty of Design and Fine Arts [1984-1996], Panjab University # 3314, Sector 15-D, Chandigarh-160015
Phone: +91-172-2773258 [R] E Mail: ssbhatti24@yahoo.com

ਡਾ. ਜਾਗੀਰ ਸਿੰਘ ਜੀ ਦਾ ਸੰਪਾਦਕੀ ਕਰਉ ਬੇਨੰਤੀਆ ਕੀਰਤਨ ਵਿਸ਼ਲੇਸ਼ਣ ਕਾਬਲ ਏ ਤਾਰੀਫ ਸੀ। ਹਰਜਾਪ ਸਿੰਘ, ਯੂ. ਐੱਸ. ਏ. ਦਾ ਲੇਖ ਮਹਾਨ ਕੀਰਤਨੀਏ ਭਾਈ ਦਿਦਾਰ ਸਿੰਘ ਜੀ ਬਾਰੇ ਪੜ੍ਹ ਕੇ ਬੜੀ ਪ੍ਰਸੰਨਤਾ ਹੋਈ।

Sant Mukand Singh, C/o Daljit Singh, Ranjit Motor Store, Opp. Jaswant Cinema, G.T. Road, Malout-152107, Distt. Sri Muktsar Sahib

ਮਈ 2011 ਦੇ ਅੰਮ੍ਰਿਤ ਕੀਰਤਨ ਵਿਚ ਪ੍ਰਿੰਸੀਪਲ ਦਿਆਲ ਸਿੰਘ ਦੇ ਲੇਖ ਵਿਚ ਗ੍ਰਾਮ ਮੂਰਛਨਾ ਤੇ ਠਾਟ ਪੱਧਤੀ

ਦਾ ਲੇਖ ਬਹੁਤ ਵਧੀਆ ਸੀ। ਉਸ ਤੋਂ ਬਹੁਤ ਸਾਰੀ ਜਾਣਕਾਰੀ ਸੰਗੀਤ ਦੇ ਸੰਬੰਧ ਵਿਚ ਮਿਲੀ ਹੈ, ਪ੍ਰਿੰਸੀਪਲ ਜੀ ਨੂੰ ਮੇਰੇ ਵੱਲੋਂ ਧੰਨਟਵਾਦ ਕਰ ਦੇਣਾ।

ਡਾ. ਜਸਬੀਰ ਕੌਰ ਜੀ ਦਾ ਲੇਖ (ਗੁਰਬਾਣੀ ਕੀਰਤਨ) ਨਵੇਂ ਰੁਝਾਨ ਵੀ ਬਹੁਤ ਖੋਜ ਭਰਪੂਰ ਸੀ ਅਤੇ ਹਿੰਦੀ ਭਾਸ਼ਾ ਵਿਚ, ਬੀਬੀ ਨਰਿੰਦਰ ਕੌਰ ਦਾ ਲੇਖ, ਗੁਰਮਤ ਸੰਗੀਤ ਦੇ ਪਰਿਭਾਸ਼ਕ ਸ਼ਬਦ ਵੀ ਬਹੁਤ ਖੋਜ ਭਰਪੂਰ ਹੈ।

ਜੂਨ 2011 ਦੇ ਅੰਮ੍ਰਿਤ ਕੀਰਤਨ ਵਿਚ ਜੋ ਮੇਰਾ ਆਰਟੀਕਲ (ਸ੍ਵਰ ਹੀ ਈਸ਼ਵਰ) ਛਪਿਆ ਹੈ, ਉਸ ਦੇ ਵਾਸਤੇ ਬਹੁਤ ਸਾਰੇ ਸੱਜਣਾਂ ਵੱਲੋਂ ਮੈਨੂੰ ਵਧਾਈ ਦੇ ਫੋਨ ਆਏ ਹਨ ਤੇ ਪ੍ਰਸੰਸਾ ਦੇ ਫੋਨ ਆਏ ਹਨ, ਸੋ ਉਹਨਾਂ ਸਾਰੇ ਪਾਠਕਾਂ ਤੇ ਸੱਜਣਾਂ ਦਾ ਬਹੁਤ ਬਹੁਤ ਧੰਨਵਾਦ, ਜਿਹਨਾਂ ਮੇਰੀ ਹੌਂਸਲਾ ਅਫਜ਼ਾਈ ਕੀਤੀ ਹੈ।

ਭਾਈ ਕਰਮ ਸਿੰਘ ਰਤਨ, 425, ਸਿਮਰਨ ਨਿਵਾਸ, ਗਲੀ ਨੰ: 1, ਨਿਊ ਬਸੰਤ ਵਿਹਾਰ, ਕਾਕੋਵਾਲ ਰੋਡ, ਲੁਧਿਆਣਾ-141008, ਫੋਨ : 9780708747

Thanks for May & June 2011 issue's of Monthly "Amrit Kirtan", which we find well edited and provide valuable information on sikh sacred music (Kirtan) both for the Kirtanyia's and listeners. I am delighted to read article on "Kirtan Samrat Bhai Samund Singh" in June issue. My memory goes back to 1946, when by chane, I listen his Kirtan at Nankana Sahib alongwith Bhai Chand for the first time. I was hardly 10 years and then and could not understand Kirtan. During partition, I lost my parents and arrived in India and remains un-settled condition uptill now (my Biography will be shortly published in Sikh Review, Kolkata). However, after joining service, I had got the opportunity for many years of listening his Kirtan particularly Asa Di War on Gurpurb's at Delhi, where Bhai Samund Singh was especially invited by the DSGMC. Bhai Samund Singh had a gifted voice and his art of Kirtan was unique. He had the capability & capacity of propert Sur, LEHH and TAAL and can singh almost all RAGA's in perfect original musical notes as enshrined in Sri Guru Granth Sahib. His rendering "Tu Sultan Kah-An hao Mian, Tau Dar San Ki Karo and Rag Jai Jai Wanti still singing in my ears. It is unfortunate, Sikh Sangat have lost a valuable Kirtan treasure sung by him due to carelessnes. I would love to suggest that "Amrit Kirtan Trust" should try to preserve whatever kirtan still available of Bhai Samund Singh jo for future generation. Similarly, other Rag's Kirtan like Bhai Chand, (Rababai) Bhai Bakhshish Singh (Bhai Mardana Award winner and longest served kirtanyai at Harminder Singh) Bhai Surjan Singh (Soorma), Bhai Santa Singh (Delhi) Bhai Sohan Singh Musician (who later shifted to filmdom can be preserved)

Bhagwant Singh, 204-D, Gali No. 36, Arjun Nagar, Safderjung Enclave, New Delhi-110029

www.amritkirtan website is a treasured addition to internet sangat. It will be particularly appreciated by Sikh diaspora in North America where kirtan in gurmat sangeet style is hard to come. Thank you all for this seva. Bhai Harbans Lal **Email:** japji08@yahoo.com

Your Artcle : Ungthariah Heera is an eye opener. I offer my services for the subject matter provided your goodself initiate in this respect. Swar Hi Ishawar Hai- As your goodself knows very well that I am just a lay man. Neither I am a literary person nor do I know anything about Gurbani. But to the best of my vision, above said article speak of its own about its writer S. Karam Singh Ji Rattan of Ludhiana. I did speak to him on phone & he seems to be a very highly spiritual personality. Moreover his article is self-speaking. Well done Sir, very nice selection ! I wish to congratulate your goodself & your sehyogies. Pl keep it up & encourage such Gems. With best regards for your goodself & all concerned ! K. S. Chugh ,
**Email:** chugh.ks101094@gmail.com

## ਕਰਉ ਬੇਨੰਤੀਆ

# There are little eyes upon you

ਅਜਕਲ ਇੱਕ ਪੁਸਤਕ ਪੜ੍ਹ ਰਿਹਾ ਹਾਂ। FAMILY WISDOM -ਇਸ ਦਾ ਲੇਖਕ ਹੈ ROBIN S. SHARMA, ਜਿਸ ਨੇ ਇੱਕ ਪ੍ਰਸਿਧ ਪੁਸਤਕ THE MONK WHO SOLD HIS FERRARI ਲਿਖੀ ਸੀ। ਇਸ ਵਿੱਚ ਹੋਰ ਸਿਆਣਪਾਂ ਤੋਂ ਇਲਾਵਾ ਉਸ ਨੇ ਇੱਕ ਸਾਦਾ ਜਿਹਾ ਵਿਚਾਰ ਦਿੱਤਾ ਹੈ ਕਿ ਜੇ ਅਸੀਂ ਆਪਣੇ ਬੱਚਿਆਂ ਦੀਆਂ ਨਜ਼ਰਾਂ ਵਿੱਚ ਠੀਕ ਰਹਿਣਾ ਸਿੱਖ ਲਈਏ ਤਾਂ ਸਾਡੀ ਜ਼ਿੰਦਗੀ ਖੁਸ਼ਹਾਲ ਹੋ ਸਕਦੀ ਹੈ। ਉਸ ਨੇ ਇਹ ਗੱਲ ਇੱਕ ਕਵਿਤਾ ਰਾਹੀਂ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ......

There are little eyes upon you
  and they're watching night and day.
There are little ears that quickly
  take in every word you say.
There are little hands all eager
  to do anything you do;
And a little boy who's dreaming
  of the day he'll be like you.
You're the little fellow's idol,
  you're the wisest of the wise.
In his little mind about you
  no suspicions ever rise.
He believes in you devoutly,
  holds all you say and do;
He will say and do, in your way
  when he's grown up just like you.
There's a wide-eyed little fellow
  who believes you're always right;
and his eyes are always opened,
  and he watches day and night.
You are setting an example
  every day in all you do;
For the little boy who's waiting
  to grow up to be like you.

...Author Unknown

ਵੈਸੇ ਇਹ ਸਾਰੀ ਪੁਸਤਕ ਪੜ੍ਹਨ ਯੋਗ ਹੈ।

# ਸੰਗੀਤ ਦਾ ਬਾਦਸ਼ਾਹ ਤਾਨਸੈਨ

**ਬਲਬੀਰ ਸਿੰਘ ਕੰਵਲ, ਲੰਡਨ**

ਉਸ ਵਰਗਾ ਸੰਗੀਤਕਾਰ ਭਾਰਤ ਵਿਚ ਇਕ ਹਜ਼ਾਰ ਸਾਲ ਤੋਂ ਪੈਦਾ ਨਹੀਂ ਹੋਇਆ, ਆਈਨਿ-ਅਕਬਰੀ ਵਿਚ ਇਹ ਹੈ ਇਕੋ ਇਕ ਫਿਕਰਾ, ਉਸ ਸਮੇਂ ਦੇ ਮਹਾਨ ਕਲਮਕਾਰ ਅਬੁਲ ਫਜ਼ਲ ਦੀ ਕਲਮ ਤੋਂ, ਜਿਹੜਾ ਉਸਨੇ ਇਸ ਮਹਾਨ ਸੰਗੀਤਕਾਰ ਬਾਰੇ ਲਿਖਿਆ ਹੈ।

ਸਾਡੀ ਬੇਕਦਰੀ ਅਤੇ ਬੇਹਿਸੀ ਦਾ ਇਹ ਆਲਮ ਹੈ ਕਿ ਅਬੁਲ ਫਜ਼ਲ ਵਰਗਾ ਲੇਖਕ ਵੀ, ਇਕ ਆਲਮਗੀਰ ਪ੍ਰਸਿੱਧੀ ਪ੍ਰਾਪਤ ਕਰਨ ਵਾਲੇ ਗਾਇਕ ਨੂੰ ਆਪਣੀ ਮਹਾਨ ਕਿਰਤ ਵਿਚ ਕੇਵਲ ਇਕ ਫਿਕਰਾ ਹੀ ਦੇਂਦਾ ਹੈ। ਚਲੋ ! ਇਹ ਵੀ ਸ਼ੁਕਰ ਹੈ ਕਿ ਉਸ ਬਾਰੇ ਉਹ ਇਕ ਲੀਕ ਹੀ ਵਾਹ ਗਿਆ, ਜਿਹੜੀ ਉਸ ਦੀ ਕਲਾ, ਉਸਦੇ ਕਿਰਦਾਰ ਬਾਰੇ ਸਾਨੂੰ ਕਾਫੀ ਕੁਝ ਦੱਸ ਜਾਂਦੀ ਹੈ।

ਭਾਰਤੀ ਸੰਗੀਤ ਦੇ ਇਸ ਮਸੀਹੇ ਦਾ ਜਨਮ ਗਵਾਲੀਅਰ ਤੋਂ ਸੱਤ ਕੁ ਕੋਹ ਪੂਰਬ ਵੱਲ ਨੂੰ ਪਿੰਡ ਬੇਹਟ ਵਿਚ 1524 ਦੇ ਲੱਗਪਗ ਹੋਇਆ। ਉਸਦੇ ਪਿਓ ਦਾ ਨਾਂ ਮਕਰੰਦ ਪਾਂਡੇ ਸੀ, ਜਿਹੜਾ ਜਾਤ ਦਾ ਗੌੜ ਬ੍ਰਾਹਮਣ ਸੀ।

ਤ੍ਰਿਲੋਚਨ ਮਿਸ਼ਰ ਤਨਾ ਜਾਂ ਤਾਨਸੈਨ, ਹਿੰਦੂਸੀ ਜਾਂ ਮੁਸਲਮਾਨ, ਕਈ ਵੇਰ ਇਸ ਗੱਲ ਨੂੰ ਬਹੁਤ ਬੁਰੀ ਤਰ੍ਹਾਂ ਉਭਾਰਿਆ ਜਾਂਦਾ ਸੀ। ਮੇਰੇ ਖਿਆਲ ਅਨੁਸਾਰ, ਉਹੋ ਜਹੇ ਕਲਾਕਾਰ ਲਈ ਇਹ ਗੱਲ ਕੋਈ ਐਨਾ ਮਹੱਤਵ ਨਹੀਂ ਰੱਖਦੀ ਕਿਉਂਕਿ ਉਸਦਾ ਧਰਮ ਤਾਂ ਬਸ ਸੰਗੀਤ ਹੀ ਬਣ ਚੁੱਕਾ ਸੀ। ਐਨੇ ਉੱਚੇ ਪੱਧਰ ਦੇ ਕਲਾਕਾਰ ਲਈ ਧਰਮ ਨੂੰ ਐਨੀ ਮਹੱਤਤਾ ਦੇਣ ਲਈ ਐਨੀ ਵਿਹਲ ਕਿੱਥੋ? ਫਿਰ ਵੀ ਜੇਕਰ ਉਸਦੇ ਅਸਲੇ ਬਾਰੇ ਗੱਲ ਪੁੱਛਣੀ ਹੈ, ਤਾਂ ਉਹ ਇਹ ਹੈ ਕਿ ਉਸਦਾ ਅਸਲਾ ਬ੍ਰਾਹਮਣ ਕੁੱਲ ਦਾ ਸੀ। ਉਸਦਾ ਅਸਲ ਗੁਰੂਵੀ ਹਿੰਦੂਅਤੇ ਉਸਦੀ ਸਾਰੀ ਤਾਲੀਮ ਵੀ ਹਿੰਦੂਪ੍ਰੰਪਰਾ ਅਨੁਸਾਰ ਹੋਈ।

ਫਾਰਸੀ ਦੀ ਇਕ ਕਿਰਤ ਮੁਨਤਖਾਬੁਤ ਤਵਾਖੀਰ ਦੇ ਕਰਤਾ ਅਬਦੁਲ ਕਾਦਰ ਬਦਾਯੂਨੀ ਤੋਂ ਛੁੱਟ। ਜਿਹੜਾ ਉਸਨੂੰ ਇਕ ਥਾਂ ਤਾਨ ਸਿੰਘ ਵੀ ਲਿਖ ਜਾਂਦਾ ਹੈ। ਆਮ ਹੀ ਮੁਸਲਮਾਨ ਲੇਖਕ, ਉਸ ਨੂੰ ਮੁਸਲਮਾਨ ਕਹਿ ਕੇ ਆਪਣੇ ਸੀਨੇ ਨਾਲ ਲਾਉਂਦੇ ਸਨ। ਚਲੋ, ਏਦਾਂ ਵੀ ਕੀ ਹਰਜ਼ ਹੈ। ਇਹ ਦਾ ਇਹ ਕਾਰਨ ਹੈ ਕਿ ਮਕਰੰਦ ਪਾਂਡੇ ਦੇ ਘਰ ਔਲਾਦ ਨਹੀਂ ਸੀ ਬਚਦੀ। ਲੋਕਾਂ ਦੇ ਕਹਿਣ ਤੇ ਉਹ ਗਵਾਲੀਅਰ ਦੇ ਪ੍ਰਸਿੱਧ ਫਕੀਰ ਮੁਹੰਮਦ ਗੌਸ ਦੇ ਚਰਨੀਂ ਢਿਹਾ, ਜਿਸ ਉਪਰੰਤ ਸੱਚੇ ਫਕੀਰ ਨੇ ਉਸਨੂੰ ਬਚਨ ਦੇ ਦਿੱਤਾ ਕਿ ਉਸਦੇ ਘਰ ਬਾਲ ਹੋਏਗਾ, ਜੀਵਨ ਵੀ ਰਹੇਗਾ ਅਤੇ ਉੱਜ ਵੀ ਐਸਾ ਕਿ ਆਪਣੇ ਖਾਨਦਾਨ ਦਾ ਨਾਂ ਰਹਿੰਦੀ ਦੁਨੀਆਂ ਤੱਕ ਰੌਸ਼ਨ ਕਰੇਗਾ। ਸੋ ਇਕ ਦਿਨ ਇਹ ਸਭ ਗੱਲਾਂ ਸੋਲਾਂ ਆਨੇ ਸੱਚ ਨਿਕਲੀਆਂ। ਇਸ ਘਟਨਾ ਨੂੰ ਅਜੇ ਇਕ ਸਾਲ ਹੀ ਬੀਤਿਆ ਸੀ ਕਿ ਫਕੀਰ ਦੀਆਂ ਦੁਆਵਾਂ ਵਰ ਆਈਆਂ ਅਤੇ ਪਾਂਡੇ ਦੇ ਘਰ ਹੀਰੇ ਵਰਗੇ ਇਕ ਬਾਲ ਨੇ ਜਨਮ ਲਿਆ।

ਸੁਹਿਰਦ ਮਾਂ ਬਾਪ ਆਪਣੇ ਲਾਲ ਨੂੰ ਝੋਲੀ ਪਾ ਕੇ, ਫਕੀਰ ਜੀ ਕੋਲ ਗਵਾਲੀਅਰ ਵਿਖੇ ਆ ਗਏ, ਆਪਣੀ ਸ਼ਰਧਾ ਆਪਣੀ ਅਕੀਦਤ ਦੇ ਫੁੱਲ ਚਾੜ੍ਹਨ, ਅਤੇ ਆਪਣੀਆਂ ਅੱਖੀਆਂ ਦਾ ਤਾਰਾ ਵੀ ਉਹਨਾਂ ਨੂੰ ਭੇਟ ਕਰਨ।

'ਸਾਈਂ ਜੀ, ਤੁਸੀਂ ਸਾਡੇ ਤੇ ਬਹੁਤ ਰਹਿਮ ਕਰਮ ਕੀਤਾ ਹੈ। ਅਸੀਂ ਤੁਹਾਡਾ ਦੇਣਾ ਨਹੀਂ ਦੇ ਸਕਦੇ। ਇਹ ਬਾਲ ਹੁਣ ਤੁਹਾਡਾ ਹੀ ਹੈ। ਹੁਣ ਇਸ ਨੂੰ ਬਸ ਆਪਣਾ ਪੁੱਤਰ ਸਮਝ ਕੇ ਪਾਲਣਾ ਕਰਨੀ।'

ਪਰਵਰਿਸ਼ ਸ਼ੁਰੂਹੋ ਗਈ। ਉਸ ਦੀਆਂ ਮਿੱਠੀਆਂ, ਤੋਤਲੀਆਂ ਗੱਲਾਂ ਸੁਣ-ਸੁਣ ਕੇ, ਉਸ ਦੀ ਆਵਾਜ਼ ਵਿਚ ਮਧੁਰਤਾ ਅਨੁਭਵ ਕਰਕੇ, ਮੁਰਸ਼ਦ ਨੇ ਬਾਲ ਦਾ ਨਾਂ ਲਾਡ ਨਾਲ ਟੋਡੀ ਰੱਖ ਦਿੱਤਾ।

1532 ਦੇ ਕਰੀਬ ਉਸ ਨੂੰ ਮ੍ਰਿਗਨੈਣੀ ਸੰਗੀਤ ਵਿਦਿਆਲਾ ਵਿਚ ਦਾਖਿਲ ਕਰਵਾ ਦਿੱਤਾ ਗਿਆ। ਉਸ ਸਮੇਂ ਉੱਥੇ ਸਵਰਗਵਾਸੀ ਬਖਸ਼ੂਦੇ ਦੋ ਸ਼ਾਗਿਰਦ ਮਛੂਅਤੇ ਭੰਵਰ ਤਾਲੀਮ ਦੇ ਰਹੇ ਸਨ। ਇਸ ਥਾਂ ਉਸ ਨੇ ਚਾਰ ਪੰਜ ਸਾਲ ਲਾਏ। ਦੱਸਿਆ ਜਾਂਦਾ ਹੈ ਕਿ ਕੁਝ ਸਮਾਂ ਪਾ ਕੇ ਉੱਥੇ ਉਹ ਇਕ ਮੋਹਕ ਗਾਇਕਾ ਹੁਸੈਨੀ ਤੇ ਮੋਹਿਤ ਹੋ ਗਿਆ। ਇਹ ਪਿਆਰ ਫਿਰ ਪ੍ਰਵਾਨ ਵੀ ਚੜ੍ਹਿਆ, ਜਦ ਕਿ ਇਹਨਾਂ ਦੋਹਾਂ ਕਲਾਕਾਰਾਂ ਦੀ ਸ਼ਾਦੀ ਹੋ ਗਈ।

ਫਕੀਰਾ ਦੇ ਫਕੀਰ ਹੀ ਯਾਰ। ਮੁਹੰਮਦ ਗੌਸ ਅਤੇ ਮਥਰਾ ਨਿਵਾਸੀ ਸੁਆਮੀ ਹਰੀ ਦਾਸ ਦੀ ਆਪਸ ਵਿਚ ਬਹੁਤ ਬਣਦੀ ਸੀ। ਸਮੇਂ ਦੇ ਮਹਾਨ ਫਕੀਰ ਇਕ ਦੂਜੇ ਕੋਲ ਆਮ ਆਉਂਦੇ ਜਾਂਦੇ। ਦੋਵੇਂ ਅਦਵੈਤੀ ਸਨ, ਰੂਹਾਂ ਦੇ ਉੱਚੇ ਪਰਵਾਜ਼ ਸਹਿਤ ਆਪਸ ਵਿਚ ਪੇਚੇ ਲਗਦੇ। ਵੇਦਾਂਤ ਬਾਰੇ ਖੂਬ ਝਪਟਾਂ ਹੁੰਦੀਆਂ।

ਸੁਆਮੀ ਜੀ ਇਕ ਵਾਰ ਫਿਰ ਗਵਾਲੀਅਰ ਵੱਲ ਨੂੰ ਆਏ। ਜਿੱਥੇ ਅੱਜ-ਕੱਲ ਜੀਆ ਦੀ ਰਾਓ ਕਾਟਨ ਮਿੱਲਾਂ ਹਨ, ਇਸ ਥਾਂ ਕਦੇ ਹਰੇ ਭਰੇ ਬਾਗ ਸਨ। ਜਦੋਂ ਸੁਆਮੀ ਜੀ, ਇਸ ਬਾਗ ਵਿਚੋਂ ਦੀ ਲੰਘਣ ਲੱਗੇ ਤਾਂ ਤ੍ਰਿਲੋਚਨ ਨੇ ਸ਼ੇਬ ਦੀ ਆਵਾਜ਼ ਵਿਚ ਦਹਾੜਨਾ ਸ਼ੁਰੂ ਕਰ ਦਿੱਤਾ। ਉਸ ਸਮੇਂ ਤੱਕ, ਉਸ ਬਾਲ ਨੂੰ ਕੀ ਪਤਾ ਸੀ ਕਿ ਜੇ ਉਹ ਸ਼ੇਰ ਦੀ ਆਵਾਜ਼ ਪੈਦਾ ਕਰਕੇ ਯਾਤਰੀਆਂ ਨੂੰ ਡਰਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਤਾਂ ਉੱਧਰ ਵੀ ਕੰਨ ਉਹੋ ਜਹੇ ਸਨ, ਜਿਹੜੇ ਗੰਢੇ ਦੀ ਛੱਲ ਨਾਲੋਂ ਵੀ ਪਤਲੇਰੇ ਹਨ।

ਸੁਆਮੀ ਜੀ ਮੁਸਕਰਾ ਪਏ ਅਤੇ ਆਪਣੇ ਨਾਲ ਆਈ ਸਾਧੂਆਂ ਦੀ ਮੰਡਲੀ ਨੂੰ ਕਹਿਣ ਲੱਗੇ ਕਿ ਇਸ 'ਸ਼ੇਰ' ਨੂੰ ਫੜ ਕੇ ਲਿਆਓ, ਇਸ ਨੂੰ ਜਾਨਵਰ ਤੋਂ ਬੰਦਾ ਬਣਾ ਦੇਈਏ।

ਹੁਣ ਇਸ ਥਾਂ ਆ ਕੇ ਵੀ ਕੁਝ ਫਿਰਕਾ-ਪ੍ਰਸਤ ਲਿਖਾਰੀ ਆਪਣੇ ਆਪਣੇ ਮਨ ਦੀ ਖ਼ੂਬ ਲਾਹੁੰਦੇ ਹਨ। ਕੁਝ ਆਖਦੇ ਹਨ ਕਿ ਤ੍ਰਿਲੋਚਨ ਦੀ ਮਿੱਠੀ ਆਵਾਜ਼ ਤਾਂ ਹੋਈ ਕਿ ਹਜ਼ਰ ਮੁਹੰਮਦ ਗੌਸ ਨੇ ਆਪਣਾ ਜੂਠਾ ਪਾਨ ਉਸ ਦੇ ਮੂੰਹ ਵਿਚ ਉਗਲ ਦਿੱਤਾ ਸੀ। ਦੂਜੇ ਪਾਸੇ ਕਈ ਬੰਦੇ ਇਸ ਗੱਲ ਦੀ ਹਾਮੀ ਭਰਦੇ ਹਨ ਕਿ ਉਸਦੇ ਗਲੇ ਵਿਚ ਸੁਆਮੀ ਜੀ ਨੇ ਸ਼ਹਿਦ ਘੋਲਿਆ ਸੀ। ਖ਼ੈਰ ਆਪਣੇ ਆਪ ਵਿਚ ਮੈਂ ਦੋਹਾਂ ਚੀਜ਼ਾਂ ਨੂੰ ਮੰਨਦਾ ਹਾਂ। ਕਿਸੇ ਸੱਚੇ ਫਕੀਰ ਦੀ ਅਸ਼ੀਰਵਾਦ ਵੀ ਕਈ ਵੇਰ ਕੁਲਾਂ ਤਾਰ ਦੇਂਦੀ ਹੈ ਅਤੇ ਏਸੇ ਤਰ੍ਹਾਂ ਮੈਂ ਸਿੱਖਿਆ ਅਤੇ ਕਿਰਤ ਵਿੱਦਿਆ ਵਿਚ ਵੀ ਪੂਰਾ ਯਕੀਨ ਰੱਖਦਾ ਹਾਂ।

ਸੁਆਮੀ ਜੀ ਨੇ ਉਸ ਨੂੰ ਦਸ ਗਿਆਰਾਂ ਸਾਲਾਂ ਵਿਚ ਇਕ ਮਹਾਨ ਗਾਇਕ ਬਣਾ ਦਿੱਤਾ ਸੀ। ਹੁਣ ਤਾਂ ਉਸ ਦੀ ਕੀਰਤੀ ਦੂਰ-ਦੂਰ ਤੱਕ ਪਹੁੰਚ ਗਈ। ਉਸ ਨੂੰ ਅਣਗਿਣਤ ਧਰੁਪਦਾਂ ਯਾਦ ਹੋ ਗਈਆਂ। ਦਿਨ ਰਾਤ ਦੇ ਕੁਹਨਾ ਰਿਆਜ਼ ਨੇ ਉਸ ਦੇ ਗਲੇ ਨੂੰ ਪੂਰਨ ਕੰਚਨ ਬਦਾ ਦਿੱਤਾ। ਹੁਣ ਤਾਂ ਥਾਂ-ਥਾਂ ਤੇ ਰਾਜ ਦਰਬਾਰ ਉਸ ਨੂੰ ਆਪਣੇ ਕੋਲ ਰੱਖਣ ਲਈ ਰੀਝਦੇ। ਉਸਨੇ ਸਮਾਂ ਸਿਆਸਤ ਰੀਵਾ ਦੇ ਮਹਾਰਾਜ ਰਾਮ ਚੰਦਰ ਕੋਲ ਗੁਜ਼ਾਰਿਆ। ਉਹ ਇਸਦੀ ਬਹੁਤ ਕਦਰ ਕਰਦਾ ਸੀ ਅਤੇ ਇਕ ਵੇਰ ਉਸਨੇ ਇਸ ਨੂੰ ਦੋ ਕਰੋੜ ਦਮੜੇ ਵੀ ਇਨਾਮ ਵਜੋਂ ਦਿੱਤੇ ਸਨ।

ਅਕਬਰੀ ਦਰਬਾਰ ਨਾਲ ਸੰਬੰਧ:

ਉਸ ਦੇ ਮਧੁਰ ਗਲੇ ਦੀ ਤਾਰੀਫ ਦਿੱਲੀ ਤੱਕ ਵੀ ਪੁੱਜ ਗਈ। 1562 ਦੇ ਕਰੀਬ ਸਮਰਾਟ ਅਕਬਰ ਨੇ ਉਸ ਨੂੰ ਆਪਣੇ ਕੋਲ ਸੱਦ ਲਿਆ। ਸੰਗੀਤ ਸ਼ੈਦਾਈ ਰਾਜਾ ਰਾਮਚੰਦ ਨੇ ਉਸ ਨੂੰ ਵਿਦਾ ਤਾਂ ਕੀਤਾ, ਪਰ ਆਪਣੇ ਦਿੱਲ ਤੇ ਹੱਥ ਰੱਖ ਕੇ। ਦੱਸਿਆ ਜਾਂਦਾ ਹੈ ਕਿ ਤੋਰਨ ਸਮੇਂ ਉਸ ਦੀ ਪਾਲਕੀ ਨੂੰ ਮਹਾਰਾਜ ਨੇ ਮੋਢਾ ਦਿੱਤਾ ਹੋਇਆ ਸੀ ਅਤੇ ਉਸ ਦੀਆਂ ਅੱਖੀਆਂ ਛਲਕ ਰਹੀਆਂ ਸਨ।

ਦਰਬਾਰ ਵਿਚ ਉਥੇ ਅੱਗੇ ਹੀ ਬੜੇ-ਬੜੇ ਗਾਇਕ ਅਤੇ ਸਾਜ਼ਿੰਦੇ ਸੁਸ਼ੋਭਿਤ ਸਨ, ਨਕਾਰੇ ਲੋਕ ਸਾਜ਼ਾਂ ਦੇ ਵੀਹ ਜੋੜ, ਢੋਲ ਦੇ ਜੋੜ, ਕਰਨਾਇ ਦੋ ਜੌੜ, ਇਹਨਾਂ ਮੋਟੇ ਲੋਕ-ਸਾਜ਼ਾਂ ਤੋਂ ਛੁੱਟ, ਉਸਤਾਦ ਦੇ ਦੂਜੇ ਸਾਜ਼ਾਂ ਦਾ ਕੋਈ ਹਿਸਾਬ ਹੀ ਨਹੀਂ ਸੀ। ਸ਼ਾਹੀ ਕਿਲੇ ਵਿਚ ਅੱਧੀ ਰਾਤ ਤੋਂ ਹੀ ਕੰਮ ਚਾਲੂਹੋ ਜਾਂਦਾ। ਜਿਹੜਾ ਰਾਤ ਦੇ ਪਾਉਪੀਏ ਤੱਕ ਚਲਦਾ ਰਹਿੰਦਾ। ਦਿਨ ਚੜ੍ਹਦਾ ਅਤੇ ਉਧਰੋ ਤਾਨ ਸੈਨ ਹੋਰੀਂ ਵੀ, ਭੈਰਵੀਂ ਦੀਆਂ ਸੁਰਾ ਅਲਾਪਣ ਲੱਗ ਪੈਂਦੇ।

ਤੂੰ ਹੀ ਵੇਦ, ਤੂੰ ਹੀ ਪ੍ਰਾਨ,<br>
ਤੂੰ ਹੀ ਹਦੀਸ, ਤੂੰ ਹੀ ਕੁਰਾਨ,<br>
ਤੂੰ ਹੀ ਧਿਆਨ, ਤੂੰ ਹੀ ਗਿਆਨ,<br>
ਤੂੰ ਹੀ ਖਤਮ ਵਨੇਸ਼

ਬਸ ਕੰਨਾਂ ਵਿਚ ਜਿਵੇਂ ਰਸ ਘੁਲਣ ਲੱਗ ਜਾਂਦੀ। ਸਮਰਾਟ ਅਕਬਰ ਇਹ ਨਹੀਂ ਕਿ ਕਦੇ ਕਦੇ ਸੁਹਣਾ ਨਕਾਰਾ ਹੀ ਵਜਾਉਂਦਾ, ਸਗੋਂ ਉਸ ਨੂੰ ਗਲੇ ਦੀਆਂ ਮਧੁਰ ਧੁਨਾ ਸੁਣਨ ਦਾ ਵੀ ਕੰਨ ਰਸ ਸੀ। ਗਾਣੇ ਦੀ ਤਾਲੀਮ ਉਸਨੇ ਬਾਕਾਇਦਾ ਲਾਲ ਕਲੌਂਤ ਕੋਲੋਂ ਲਈ ਸੀ।

ਬਸ ਫਿਰ ਕੀ ਸੀ। ਉਧਰੋਂ ਅਕਬਰ ਦੇ ਨੌਂ ਰਤਨਾਂ ਵਿਚ ਸੀ, ਆਪਣੇ ਜੀਵਨ ਵਿਚ ਕਈ ਨਵੇਂ ਰਾਗਾਂ ਦੇ ਸਫਲ ਤਜ਼ਰਬੇ ਕੀਤੇ, ਜਿਹਨਾਂ ਵਿਚੋਂ ਕੁਝ ਰਾਗ ਅੱਜ ਵੀ ਉਸ ਦੇ ਨਾਂ ਨਾਲ ਜੋੜੇ ਜਾਂਦੇ ਹਨ।

ਉਸ ਦਾ ਸਭ ਤੋਂ ਵੱਧ ਚਹੇਤਾ ਰਾਗ ਦਰਬਾਰੀ ਸੀ, ਜਿਸ ਦਾ ਠਾਠ ਆਸਾਵਰੀ ਹੈ। ਕੁਝ ਉਸਤਾਦਾਂ ਦੇ ਵਿਸ਼ਵਾਸ ਅਨੁਸਾਰ ਇਸ ਰਾਗ ਦਾ ਦੂਜਾ ਜਨਮ ਕਰਨਾਟਕ ਵਿਚ ਹੋਇਆ। ਇਸ ਦਾ ਦੂਜਾ ਨਾਂ ਕਰਨਾਟਕੀ ਦੱਸਦੇ ਹਨ, ਜਿਹੜਾ ਵਿਗੜ ਕੈ ਕਾਨੜਾ ਸਦਵਾਇਆ ਜਾਣ ਲੱਗ ਪਿਆ। ਕਿਉਂਕਿ ਅਕਬਰ ਨੂੰ ਇਹ ਰਾਗ ਬਹੁਤ ਪਸੰਦ ਸੀ, ਅਤੇ ਉਸਦੇ ਦਰਬਾਰ ਵਿਚ ਆਮ ਗਾਇਆ ਜਾਂਦਾ ਸੀ, ਇਸ ਲਈ ਉਸ ਦੇ ਆਖੇ ਤੇ ਇਸ ਦਾ ਨਾਂ ਦਰਬਾਰੀ ਰੱਖ ਦਿੱਤਾ ਗਿਆ। ਇਹ ਰਾਗ ਅਲਾਪ ਦੇ ਕਾਬਲ ਹੈ ਅਤੇ ਰਾਤ ਦੇ ਦੂਜੇ ਪਹਿਰ ਵਿਚ ਗਾਇਆ ਜਾਂਦਾ ਹੈ। ਇਸ ਨੂੰ ਵਿਲੰਬਤਾ ਲੈ ਵਿਚ ਗਾਈਏ ਤਾਂ ਹੀ ਮਜ਼ਾ ਆਉਂਦਾ ਹੈ ਅਤੇ ਤਾਂ ਹੀ ਇਹ ਦਰਬਾਰ ਦਾ ਸਹੀ ਮਾਹੌਲ ਪੈਦਾ ਕਰਦਾ ਹੈ।

ਲੇਖਕ ਪਾਕਿਸਤਾਨੀ ਇਕ ਕਿਰਤ ਹਮਾਰੀ ਮੌਸੀਕੀ-ਏਕ ਤੁਆਰੁੱਫ' (1961) ਵਿਚ ਖਾਦਮ ਮੁਹੀਉਦੀਨ ਦੇ ਛਪੇ ਇਕ ਲੇਖ ਵਿਚਲੀ ਇਸ ਗੱਲ ਨਾਲ ਸਹਿਮਤ ਨਹੀਂ ਕਿ ਦਰਬਾਰੀ ਦਾ ਪਹਿਲਾ ਨਾਂ 'ਕਰਨਾਟਕ' ਸੀ। ਸਗੋਂ ਕਰਨਾਟਕੀ ਦਰਬਾਰੀ ਬਣਿਆ।

ਦੂਜਾ ਰਾਗ, ਜਿਹੜਾ ਉਸਦੇ ਨਾਂ ਨਾਲ ਜੋੜਿਆ ਜਾਂਦਾ ਹੈ, ਮੀਆਂ ਕੀ ਟੋਡੀ ਸੀ, ਜਿਹੜਾ ਦਿਨ ਦੇ ਦੂਜੇ ਪਹਿਰ ਵਿਚ ਗਾਇਆ ਜਾਂਦਾ ਹੈ:-

ਮੀਆਂ ਕੀ ਮਲ੍ਹਾਰ ਵੀ ਉਸ ਮਹਿਬੂਬ ਰਾਗ ਸੀ, ਜਿਹੜਾ ਕਾਫੀ ਠਾਠ ਦਾ ਰਾਗ ਹੈ ਅਤੇ ਵਰਖਾ ਰੁੱਤ ਵਿਚ ਅੱਧੀ ਰਾਤ ਨੂੰ ਖ਼ੂਬ ਠੱਠ ਬੰਨ੍ਹਦਾ ਹੈ।

ਏਸੇ ਤਰ੍ਹਾਂ ਮੀਆਂ ਕੀ ਸਾਰੰਗ ਵੀ ਉਸਦਾ ਆਪਣਾ ਅਤੇ ਕਬਜ਼ੇ ਦਾ ਰਾਗ ਸੀ। ਇਹ ਵੀ ਕਾਫੀ ਠਾਠ ਦਾ ਰਾਗ ਸੀ ਅਤੇ ਮੀਆਂ ਮਲ੍ਹਾਰ ਨਾਲ ਮਿਲਦਾ ਜੁਲਦਾ ਹੈ। ਇਸ ਦੇ ਗਾਉਣ ਦਾ ਸਮਾਂ ਦਿਨ ਦਾ ਦੂਜਾ ਪਹਿਰ ਹੈ।

ਇਕ ਅੰਗਰੇਜ਼ ਲਿਖਾਰੀ ਮਿਸਟਰ ਪੋਪਲੇ, ਤਾਂ ਏਥੋਂ ਤਕ ਵੀ ਲਿਖਦਾ ਹੈ ਕਿ ਉਸ ਨੇ ਰਬਾਬ ਦੀ ਕਾਢ ਵੀ ਕੱਢੀ। ਐਡੇ ਵੱਡੇ ਕਲਾਕਾਰ ਲਈ ਇਹ ਕੋਈ ਅਸਚਰਜਤਾ ਵਾਲੀ ਤਾਂ ਨਹੀਂ, ਫਿਰ ਵੀ ਇਹ ਸਾਜ਼ ਉਸ ਤੋਂ ਪਹਿਲਾਂ ਦੀ ਕਾਢ ਹੈ। ਹਾਂ, ਇਹ ਹੋ ਸਕਦਾ ਹੈ ਕਿ ਉਸ ਨੇ ਇਸ ਵਿਚ ਕੋਈ ਮਾੜੀ ਮੋਟੀ ਤਰਮੀਮ ਕੀਤੀ ਜਾਵੇ।

ਉਹ ਕਿੱਡਾ ਕੁ ਮਹਾਨ ਕਲਾਕਾਰ ਸੀ, ਸੂਰ ਦਾਸ ਦੇ ਇਸ ਦੋਹੇ ਤੋਂ ਹੀ ਪਤਾ ਲੱਗ ਜਾਂਦਾ ਹੈ:

ਭਲੇ ਭਯੋਂ ਵਿਧੀ ਨਾਂ ਦੀਏ, ਸ਼ੇਸ ਨਾਗ ਕੋ ਕਾਨ

ਧਾਰਾ ਮੇਰੁ ਸਭ ਡੋਲਤੇ, ਤਾਨ ਸੈਨ ਕੀ ਤਾਨ ਅਰਥਾਤ : ਚਲੋ ਭਈ ਚੰਗਾ ਹੋਇਆ ਕੁਦਰਤ ਨੇ ਸ਼ੇਸ਼ ਨਾਗ ਨੂੰ ਕੰਨ ਨਹੀਂ ਦਿੱਤੇ। ਤਾਨਸੈਨ ਦੀ ਤਾਨ ਨਾਲ ਤਾਂ ਪਾਣੀ ਅਤੇ ਪਹਾੜ ਵੀ ਡੋਲ ਜਾਂਦੇ ਹਨ।

ਸੰਗੀਤ ਵਿਚ ਤਾਸੀਰ:

ਸਾਡੇ ਮੱਧਕਾਲ ਦੇ ਕੁਝ ਗਾਇਕਾਂ, ਖਾਸ ਕਰਕੇ ਤਾਨ ਸੈਨ ਅਤੇ ਬੈਜੂਬਾਵਰੇ ਹੋਰਾਂ ਬਾਰੇ ਇਹੋ ਜਿਹੀਆਂ ਕਈ ਗੱਲਾਂ ਪ੍ਰਚਲਿਤ ਹਨ ਕਿ ਉਹ ਕਲਾਕਾਰ ਕਾਹਦੇ ਸਨ, ਜਾਦੂਗਰ ਸਨ, ਜਿਹਨਾਂ ਦਾ ਪੁਰਾਤਲ ਸੰਗੀਤ ਦੀਵਿਆਂ ਨੂੰ ਜਗਾ ਸਕਦਾ ਸੀ। ਜਾਂ ਮੀਂਹ ਵਰ੍ਹਾ ਸਕਦਾ ਸੀ। ਕੁਝ ਬੰਦਿਆਂ ਦੇ ਵਿਸ਼ਵਾਸ ਅਨੁਸਾਰ ਤਾਨਸੈਨ ਨੂੰ ਉਸ ਦੇ ਮੁਰਸ਼ਦ ਪੀਰ ਮੁਹੰਮਦ ਗੌਸ ਨੇ ਉਸ ਨੂੰ ਆਪਣੀ ਕਰਾਮਾਤ ਦੁਆਰਾ ਇਕ ਵੇਰ ਗਾਉਂਦਾ ਕੁਕਨੂਸ ਪੰਛੀ ਵਿਖਾ ਦਿੱਤਾ ਸੀ। ਜਿਸ ਤੋਂ ਉਸ ਨੇ ਸੁਰ ਮੇਘ ਅਤੇ ਦੀਪਕ ਨਕਲ ਕਰਕੇ, ਉਹਨਾਂ ਨੂੰ ਇਕ ਧਰੁਪਦ ਵਿਚ ਬੰਨ੍ਹ ਲਿਆ ਸੀ। ਇਹਨਾਂ ਰਾਗਾਂ ਨੂੰ ਉਹ ਫਿਰ ਉਸੇ ਪੰਛੀ ਵਾਂਗ ਗਾਉਂਦਾ ਹੁੰਦਾ ਸੀ, ਜਿਸ ਨਾਲ ਮੀਂਹ ਵਰ੍ਹਨ ਲੱਗ ਜਾਂਦਾ ਸੀ ਜਾਂ ਅੱਗ ਸੁਲਗ ਜਾਂਦੀ ਸੀ। ਸਾਇੰਸ ਦੇ ਇਸ ਜੁਗ ਵਿਚ ਕਈ ਬੰਦੇ ਇਹੋ ਹੀਆਂ ਗੱਲਾਂ ਵਿਚ ਉੱਕਾ ਯਕੀਨ ਨਹੀਂ ਕਰਦੇ।

ਇਸ ਗੱਲ ਬਾਰੇ ਮੈਂ ਕਈ ਵੇਰ ਸੋਚਿਆ ਹੈ ਕਿ ਅਸੀਂ ਅਜਬ ਦੌਰ ਵਿਚ ਦੀ ਲੰਘ ਰਹੇ ਹਾਂ। ਅਸੀਂ ਕਿਸੇ ਸਪੇਰੇ ਨੂੰ ਸੱਪ ਕੱਢਦਿਆਂ ਦੇਖਕੇ, ਜਾਂ ਕਿਸੇ ਮਦਾਰੀ ਦੀਆਂ ਦਿਮਾਗੀ ਜਾਂ ਦਸਤੀ ਕਲਾਬਾਜ਼ੀਆਂ ਨੂੰ ਕਿਸੇ ਮਿਸਮਰੇਜ਼ਮ ਵਾਲੇ ਦੇ ਕ੍ਰਿਸ਼ਮੇ ਵੇਖ ਸੁਣ ਕੇ ਝਟ ਯਕੀਨ ਕਰ ਲੈਂਦੇ ਹਾਂ, ਪਰ ਉਹੋ ਜਹੇ ਬੰਦੇ, ਜਿਹਨਾਂ ਨੂੰ ਆਪਣੀ ਸਾਰੀ ਉਮਰ ਕਮਾਈ ਕੀਤੀ, ਉਹਨਾਂ ਤੇ ਘੋਰ ਸ਼ੱਕ ਕਰਦੇ ਹਾਂ।

ਖੈਰ ਆਪਣੇ ਆਪਣੇ ਵਿਚਾਰ ਹਨ, ਪਰ ਮੈਨੂੰ ਇਸ ਬਾਰੇ ਸ਼ੱਕ ਨਹੀਂ ਹੈ ਕਿਉਂਕਿ ਪੁਰਾਣੇ ਸਮੇਂ ਦੇ ਗਾਇਕ ਨਿਰਾ ਪੁਰਾ ਮਾੜੇ ਮੋਟੇ ਗਵੱਈਏ ਹੀ ਨਹੀਂ ਸਨ, ਸਗੋਂ ਨਾਲ ਨਾਲ ਤਾਤ੍ਰਕ ਯੋਗੀ ਵੀ ਸਨ। ਇਸ ਸਮੇਂ ਦੀਆਂ ਸਾਨੂੰ ਕੁਝ ਧਰੁਪਦਾਂ ਐਸੀਆਂ ਵੀ ਮਿਲ ਜਾਂਦੀਆਂ ਹਨ, ਜਿਹਨਾਂ ਵਿਚ ਯੋਗ-ਸਿੱਧੀ ਦੇ ਸਾਧਨ ਦਰਜ ਹਨ। ਮਿਸਾਲ ਵਜੋਂ ਨਾਇਕ ਗੁਪਾਲ ਦਾ ਇਕ ਧਰੁਪਦ ਵੇਖੋ, ਜਿਹੜਾ 'ਬਿਹਾਗ' ਰਾਗ ਵਿਚ ਹੈ:-

ਸੁਰਤ ਤੋਂ ਗਿਆਨ ਜੀਵਨ
ਮੁਕਤੀ ਤੋਂ ਰੂਪ ਸਾਧੇ,
ਤੱਬ ਪਾਵੇ ਗਿਆਨ ਕੋ ਗਰਮ
ਗੁਨੀ ਜਨ ਸੁਨੋ ਪਰਮਾਨ।
ਜੀਵ ਚਿੱਤ ਫਿਰੇ ਤਬ ਚਿੱਤ
ਪਾਵਕ ਮੇਂ ਪਰਵੇਸ਼ ਕਰੇ,

ਦੇਹ ਵਾਯੁਕੋ ਲੈ ਜਾਏ,

ਬ੍ਰਹਮ ਗੰ੍ਥੀ ਕਰਕੇ ਸਮਾਨ।

ਜੇ ਉਹੋ ਜਹੇ ਉੱਚੇ ਸੁੱਚੇ ਯੋਗੀਆਂ ਲਈ, ਜਿਹਨਾਂ ਨੇ ਇਸ ਵਿੱਦਿਆ ਦੀ ਸਾਧਨਾ ਪੂਰਨ ਯੋਗੀਆਂ ਵਾਂਗ ਕੀਤੀ, ਉਹਨਾਂ ਲਈ ਏਹੋ ਜਿਹੀਆਂ ਗੱਲਾਂ ਕੀ ਔਖੀਆਂ ਹਨ।

ਸਾਡੇ ਇਸ ਦੌਰ ਵਿਚ ਵੀ ਏਹੋ ਜਿਹੀਆਂ ਕੁਝ ਗੱਲਾਂ ਵੇਖਣ ਵਿਚ ਆਈਆਂ ਹਨ, ਜਿਹਨਾਂ ਤੋਂ ਕਈ ਬੰਦਿਆਂ ਦਾ ਸ਼ੱਕ ਜੇ ਪੂਰਾ ਮਿਟਦਾ ਨਹੀਂ, ਤਾਂ ਘੱਟ ਜ਼ਰੂਰ ਜਾਂਦਾ ਹੈ।

ਵੱਧ ਨਹੀਂ ਤਾਂ ਇਹਨਾਂ ਕਹਾਣੀਆਂ ਦੇ ਅਰਥ ਪ੍ਰਤੀਕ ਰੂਪ ਵਿਚ ਜ਼ਰੂਰ ਲਏ ਜਾ ਸਕਦੇ ਹਨ। ਇੰਞ ਇਹ ਰਾਗ ਦੇ ਜੀਵ ਆਤਮ ਉੱਪਰ ਪ੍ਰਭਾਵ ਦੇ ਤਾਨ ਸੈਨ ਦੀ ਕਲਾ ਨਿਪੁੰਨਤਾ ਦੇ ਚਿੰਨ੍ਹ ਮੰਨੀਆਂ ਜਾ ਸਕਦੀਆਂ ਹਨ।

ਤਾਨਸੇਨ ਤੇ ਨੁਕਤਾ ਚੀਨੀ:-

ਅਸ਼ੀਰਬਾਦੀ ਲਾਲ ਸ੍ਰੀ ਵਾਸਤਵ, ਆਪਣੀ ਕਿਤਾਬ, 'The Mughal Empire, ਦੇ ਸਫਾ 552 ਤੇ ਲਿਖਦਾ ਹੈ, Accoding to some Critics Tan Sen falsified the ragas of which two, Hindol and Megh, have disappred completely since his day.' ਭਾਵ ਇਹ ਕਿ ਉਸਨੇ ਕਈ ਰਾਗਾਂ ਨੂੰ ਵਿਗਾੜਿਆ, ਜਿਹਨਾਂ ਵਿਚੋਂ ਹਿੰਡੋਲ ਅਤੇ ਮੇਘ ਤਾਂ ਉੱਕੇ ਹੀ ਅਲੋਪ ਹੋ ਗਏ ਹਨ।

ਦੱਸਿਆ ਜਾਂਦਾ ਹੈ ਕਿ ਅਕਬਰ ਦੇ ਸਮੇਂ ਇਕ ਉਸਤਾਦ ਹੁਸੈਨ ਖਾਂ 'ਤਾਨਤੋੜ' ਦਿੱਲੀ ਵਾਲਾ ਸੀ। ਜਿਸ ਨੇ ਇਹ ਗੱਲ ਧਮਾਉਣ ਦੀ ਕੋਸ਼ਿਸ਼ ਕੀਤੀ ਕਿ ਬੈਜੂਬਾਵਰਾ ਉਸਦਾ ਸ਼ਾਗਿਰਦ ਹੈ। ਉਸ ਗਾਇਕ ਨੇ ਤਾਨਸੈਨ ਨੂੰ ਸਾਰੀ ਉਮਰ ਹੀ ਨਹੀਂ ਮੰਨਿਆ।ਉਸ ਦਾ ਸਭ ਤੋਂ ਵੱਡਾ ਇਹ ਗਿਲਾ ਸੀ ਕਿ ਇਹ ਗਵੱਈਆ ਕਈ ਰਾਗਾਂ ਨੂੰ ਐਵੇਂ ਵੈਗਾੜੀ ਜਾਂਦਾ ਹੈ। ਦੱਸਦੇ ਹਨ ਕਿ ਇਕ ਵੇਰ ਕੁਝ ਸਿਪਾਹੀਆਂ ਨੇ ਉਸਨੂੰ ਇਹ ਗੱਲ ਕਹਿ ਕੇ ਕਿ ਮੀਆਂ ਤਾਨਸੈਨ ਕੁਝ ਨਵੇਂ ਰਾਗ ਬਣਾ ਰਹੇ ਹਨ, ਉਸਨੂੰ ਚੁੱਪ ਕਰਾਉਣ ਦਾ ਯਤਨ ਕੀਤਾ। ਅੱਗੋਂ ਉਹ ਉਹਨਾਂ ਨੂੰ ਟੁੱਟ ਕੇ ਪਿਆ:-

"ਕਹੀਂ ਕੀ ਈਂਟ ਕਹੀਂ ਕਾ ਰੋੜ;

ਭਾਨਮਤੀ ਨੇ ਕੁਨਬਾ ਜੋੜਾ।

'ਬਸ ਏਹੀ ਤਾਨਸੇਨ ਹੈ ਨਾ? ਏਧਰੋਂ ਉਧਰੋਂ ਚੀਜ਼ ਤੋੜ ਮਰੋੜ ਕੇ, ਕੁਝ ਨਵੀਆਂ ਚੀਜ਼ਾਂ ਬਣਾ ਲੈਣੀਆਂ।"

ਉਸ ਬਾਰੇ ਕੁਝ ਹੋਰ ਲੋਕੀਂ, ਏਥੋਂ ਤਕ ਵੀ ਕਹਿਣ ਲੱਗ ਪਏ ਹਨ:-

ਤਾਨ ਸੈਨ ਕੀ ਤਾਨ ਮੇਂ, ਸਭੀ ਤਾਨ ਗਲਤਾਨ

ਆਪਨੀ-ਆਪਨੀ ਤਾਨ ਮੇਂ, ਘੁਗ ਵੀ ਮਸਤਾਨ।

ਹੋਰ ਤਾਂ ਹੋਰ ਉਸ ਦੇ ਆਪਣੇ ਗੁਰੂਅਤੇ ਕਈ ਹੋਰ ਬੰਦਿਆਂ ਨੂੰ ਤਾਂ ਉਸ ਦੀ ਗਇਹ ਗੱਲ ਵੀ ਚੰਗੀ ਨਾ ਲੱਗੀ ਜਦੋਂ ਉਸ ਨੇ ਅਕਬਰ ਦਾ ਦਰਬਾਰੀ ਬਣ ਜਾਣਾ ਸਵੀਕਾਰ ਕੀਤਾ। ਮਅਦਨੁਲ ਮੌਕੀਕੀ ਦਾ ਕਰਤਾ ਵੀ ਆਪਣੀ ਕਿਰਤ ਦੇ ਇੱਕੀ ਸਫੇ ਤੇ ਲਿਖਦਾ ਹੈ, 'ਤਾਨ ਸੈਨ ਨੇ ਪੇਸ਼ਿ ਅਕਬਰ ਬਾਦਸ਼ਾਹ ਦਸਤ ਤਮਾਅ ਦਰਾਜ਼ ਕੀਆ ਲਹਿਜ਼ਾ ਹਰ ਤੌਰ ਕਾ ਤਖਲੁੱਲ ਪੜਾ ਔਰ ਖਰਾਬੀ ਹੋਰ ਗੋਨਾ ਵਾਕਿਆ ਹੁਈ।' ਵਾਜਿਦ ਅਲੀ ਸ਼ਾਹ ਨੇ ਤਾਂ ਉਸ ਨੂੰ ਇਸ ਤੋਂ ਵੀ ਵਧ ਕਰੜੇ ਸ਼ਬਦਾਂ ਨਾਲ ਨਿੰਦਿਆ।

ਉਸ ਦੇ ਬਣਾਏ ਹੋਏ ਰਾਗਾਂ, ਇਸ ਸਦੀ ਦਾ ਪੰਜਾਬ ਦਾ ਇਕ ਪ੍ਰਸਿੱਧ ਖਿਆਲੀਆ ਬੂਟਾ ਖਾਂ 'ਪ੍ਰੀਤਮ ਸ਼ਾਮ', ਇੰਞ ਕਹਿੰਦਾ ਹੁੰਦਾ ਸੀ, ਤਾਨ ਸੈਨ ਕਿਆ ਹੈ? ਦਰਬਾਬਰੀ ਬਣਾਇਆ ਕਿਆ ਦਰਬਾਰੀ ਹੈ? ਨਾ ਇਹ ਸਿੰਧੜਾ ਰਿਹਾ, ਨਾ ਕਾਫੀ।'

ਇਸ ਨਾਲੋਂ ਤਾਂ ਪਹਿਲਾਂ 'ਕਰਨਾਟਕੀ' ਹੀ ਅੱਛਾ ਸੀ। 'ਕਰਨਾਟਕੀ' ਤੋਂ ਹੀ ਕਾਨ੍ਹੜ ਬਣਿਆ।

ਉਸ ਦੇ ਦੂਜੇ ਰਾਗ ਵੀ, ਉਸ ਦੇ ਇਹੋ ਜਿਹੇ ਵਿਚਾਰ ਹੁੰਦੇ ਸਨ, 'ਜੇ ਅੱਜ ਤਾਨ ਸੈਨ ਜੀਉਂਦਾ ਹੁੰਦਾ ਤਾਂ ਅਸੀਂ ਸਵਾਲ ਕਰਦੇ, ਮੀਆਂ ਦੀ ਮਲ੍ਹਾਰ ਹੋ ਹੀ ਨਹੀਂ ਸਕਦੀ। ਉਹ ਸਾਰੇ ਦਰਬਾਰੀ ਹਨ।'

ਏਥੇ ਸ਼ਾਮ ਜੀ ਵੀ ਉਖੜ ਗਏ ਲਗਦੇ ਹਨ ਅਤੇ ਕਿਸੇ ਟਪਲੇ ਦਾ ਸ਼ਿਕਾਰ ਹਨ ਕਿਉਂਕਿ ਮੀਆਂ ਦੀ ਮਲ੍ਹਾਰ ਤਾਂ ਬਹਾਰ ਨਾਲ ਰਲਦਾ ਮਿਲਦਾ ਹੈ। ਦਰਬਾਰੀ ਨਾਲ ਨਹੀਂ। ਇਹਨਾਂ ਦੋਹਾਂ ਰਾਗਾਂ ਦਾ ਤਾਂ ਠਾਠ ਹੀ ਉੱਕਾ ਬਦਲ ਜਾਂਦਾ ਹੈ। ਮੀਆਂ ਦੀ ਮਲ੍ਹਾਰ ਦਾ ਠਾਠ ਕਾਫੀ ਹੈ, ਜਦ ਕਿ ਦਰਬਾਰੀ ਦਾ ਠਾਠ ਆਸਾਵਾਰੀ ਹੈ।

ਹਾਂ ਉਂਜ ਪ੍ਰੀਤਮ ਸ਼ਾਮ ਹੋਰੀਂ ਇਹ ਗਿਲਾ ਕਰ ਸਕਦੇ ਸਨ ਕਿ ਮੀਆਂ ਦੀ ਮਲ੍ਹਾਰ ਵਿਚ ਸਾਰੇ ਸੁਰ ਬਹਾਰ ਦੇ ਹਨ। ਬਹਾਰ ਪਿੱਛੋਂ ਮੀਏ ਦੀ ਮਲ੍ਹਾਰ ਜਾਂ ਮਲ੍ਹਾਰ ਪਿੱਛੋਂ ਬਹਾਰ ਗਾਉਣੀ ਗਾਇਕ ਲਈ ਬਹੁਤ ਮੁਸ਼ਕਲ ਪੈ ਜਾਂਦੀ ਹੈ। ਇਹ ਰਾਗ ਇਕ ਦੂਜੇ ਵਿਚ ਵੜਦੇ ਜਾਪਦੇ ਹਨ ਕਿਉਂਕਿ ਇਹ ਵੀ ਕਾਫੀ ਠਾਠ ਦਾ ਹੈ ਅਤੇ ਉਹ ਵੀ ਕਾਫੀ ਠਾਠ ਦਾ ਸਿਰਫ ਚਾਲ ਵਿਚ ਫਰਕ ਹੈ।

ਪ੍ਰੀਤਮ ਸ਼ਾਮ ਦੇ ਹੀ ਕਥਨ ਅਨੁਸਾਰ, ਉਸ ਕੋਲੋਂ ਮੀਆਂ ਕੀ ਟੋਡੀ ਵੀ ਨਹੀਂ ਬਣੀ। ਉਸ ਨੇ ਪਹਿਲੀ (ਸ਼ੁੱਧ) ਟੋਡੀ 'ਰੇ ਗਾ, ਰੇ ਸਾ' ਵਿਚ ਵਾਧਾ ਕਰਕੇ, ਮੀਆਂ ਕੀ ਟੋਡੀ ਬਣਾ ਦਿੱਤੀ। ਗੁਜਰੀ ਫੇਰ ਓਦਾਂ ਰਹੀ।

ਪੰਜਾਬ ਦੇ ਇਕ ਪ੍ਰਸਿੱਧ ਸਾਰੰਦਾ ਨਵਾਜ਼ ਭਾਵੜਾ ਆਜ਼ਮ ਸ਼ਾਹ (ਜਿਸਦੇ ਨਾਂ ਤੇ ਫੀਰੋਜ਼ਪੁਰ ਫਾਜ਼ਲਕਾ ਰੇਲਵੇ ਲਾਈਨ ਦੇ ਦੂਜੇ ਸਟੇਸ਼ਨ ਡੇਢ ਤੋਂ ਡੇੜ੍ਹ ਕੁ ਮੀਲ ਦੀ ਵਿੱਥ ਤੇ, ਇਕ ਪਿੰਡ ਵਸਦਾ ਹੈ) ਨੂੰ ਰਾਗ ਦਰਬਾਰੀ ਬਾਰੇ ਇਹ ਗਿਲਾ ਸੀ ਕਿ ਉਸ ਨੂੰ ਇਸ ਵਿਚੋਂ ਹਿੰਦੂਅੰਗ ਦੀ ਬੂਆਉਂਦੀ ਹੈ। ਜਦੋਂ ਇਸ ਰਾਗ ਦਾ ਅਸਲਾ ਹੀ ਹਿੰਦੂਹੈ ਅਤੇਜਦੋਂ ਬਣਾਉਣ ਵਾਲੇ ਦੀ ਸਾਰੀ ਵਿੱਦਿਆ ਹਿੰਦੂਪ੍ਰਥਾ ਮੁਜਬ ਹੋਈ, ਉਦੋਂ ਇਸ ਰਾਗ ਦੀ ਮਹਿਕ ਫਿਰ ਕਿਉਂ ਨਾ ਇਹੋ ਜਹੀ ਹੁੰਦੀ।

ਇਸ ਤਰ੍ਹਾਂ ਨਾਲ ਇਸ ਮਹਾਨ ਗਾਇਕ ਬਾਰੇ ਕਈ ਵੇਰ ਮਾੜਾ ਪਤਲਾ ਵਾਦ ਵਿਵਾਦ ਭੀ ਚਲਦਾ ਰਿਹਾ ਹੈ, ਫਿਰ ਵੀ ਅਸਲ ਗੱਲ ਇਹੀ ਹੈ ਕਿ ਇਹਨਾਂ ਸਭਨਾ ਗੱਲਾਂ ਦੇ ਬਾਵਜੂਦ ਇਸ ਕਲਾਕਾਰ ਦਾ ਰੁਤਬਾ ਬਹੁਤ ਬੁਲੰਦ ਹੈ। ਉਸ ਦੇ ਰਾਗਾਂ ਦੇ ਨਾਲ ਸ਼ਬਦ 'ਮੀਆਂ ਵੀ ਉਸਦੀ ਉਚਤਾ ਵਜੋਂ ਹੀ ਲਾਇਆ ਜਾਂਦਾ ਹੈ।

ਉਸ ਦੌਰ ਦੇ ਸਰੋਤੇ : ਉਸ ਦੌਰ ਦੇ ਸਰੋਤੇ, ਜਿਹੜੇ ਐਡੇ ਵੱਡੇ ਗਵੱਈਏ ਤੇ ਵੀ ਕਈ ਵੇਰ ਇੰਨੇ ਖੁਸ਼ ਨਹੀਂ ਸਨ ਹੁੰਦੇ, ਆਖਰ ਉਹ ਕਿਹੋ ਜਿਹੇ ਸਨ। ਇਸ ਗੱਲ ਵੱਲ ਵੀ ਥੋੜ੍ਹਾ ਜਿਹਾ ਕਿਆਸ ਦੁੜਾਉਣਾ ਚਾਹੀਦਾ ਹੈ।

ਉਦੋਂ ਸਰੋਤਿਆਂ ਦਾ ਪੱਧਰ ਕਿਹੋ ਜਿਹਾ ਸੀ ਇਸ ਦਾ ਅੰਦਾਜ਼ਾ ਸਾਨੂੰ ਇਸ ਗੱਲ ਤੋਂ ਲੱਗ ਸਕਦਾ ਹੈ ਕਿ ਇਕ ਵੇਰ ਅਕਬਰ ਜਦੋਂ ਸ਼ੇਖ ਮੁਬਾਰਕ ਨਾਗਵਰੀ ਨੂੰ ਮਿਲਿਆ ਤਾਂ ਉਸਨੇ ਆਖਿਆ, 'ਮੇਰੇ ਦਰਬਾਰ ਵਿਚ ਸੰਗੀਤ ਦੇ ਐਡੇ ਐਡੇ ਉੱਚੇ ਕਾਲਾਰ ਹਨ ਕਿ ਜਿਹਨਾਂ ਕਾ ਕੋਈ ਜਵਾਬ ਹੀ ਨਹੀਂ।' ਮੈਂ ਤੁਹਾਨੂੰ ਕਦੇ ਉਹਨਾਂ ਦਾ ਜਲਵਾ ਜ਼ਰੂਰ ਵਿਖਾਵਾਂਗਾ।'

ਇਸ ਪੁਰਸ਼ੇਖ ਨੇ ਜਵਾਬ ਦਿੱਤਾ ਕਿ ਜ਼ਰੂਰ ! ਕੁਝ ਸਮਾਂ ਪਾ ਕੇ ਉਸ ਨੇ ਮੀਆਂ ਤਾਨ ਸੈਨ, ਸ਼ੇਖ ਮੌਜੂਅਤੇ ਦੂਜੇ ਹੋਰ ਕਲੰਤਾਂ (ਕਲਾਵੰਤਾਂ) ਨੂੰ ਉਸ ਦੇ ਘਰ ਭੇਜਿਆ, ਤਾਂ ਜੋ ਸ਼ੇਖ ਨੂੰ ਉਹ ਕੁਝ ਸੁਣਾ ਆਉਣ। ਉਹ ਉੱਥੇ ਪੁਜ ਗਏ। ਟਹਿਲ ਸੇਵਾ ਤੋਂ ਬਾਅਦ ਮਹਿਫਲ ਜੰਮ ਗਈ। ਪਹਿਲਾਂ ਮੰਜੂਅਤੇ ਦੂਜੇ ਕਲਾਕਾਰਾਂ ਨੇ ਗਾਇਆ ਪਿੱਛੋਂ ਤਾਨ ਸੈਨ ਦੀ ਵਾਰੀ ਆਈ। ਸ਼ੇਖ ਮੁਬਾਰਕ ਨੇ ਉਸ ਨੂੰ ਮੁਖਾਤਿਬ ਕਰਦਿਆਂ ਕਿਹਾ, 'ਸੁਨੀਦਮ ਤੂੰ ਹਰ ਚੀਜ਼ ਮੇਤਵਾਨੀ ਗੁਫਤ ਅਰਥਾਤ ਸੁਣਿਆ ਹੈ ਕਿ ਤੂੰ ਵੀ ਕੁਝ ਗਾ ਸਕਦਾ ਹੈ।

ਇਸ ਉੱਪਰ ਮੀਆਂ ਮੁਸਕਰਾ ਪਿਆ ਅਤੇ ਗਾਉਣ ਲੱਗ ਪਿਆ। ਜਦੋਂ ਉਹ ਗਾ ਕੇ ਹਟਿਆ ਤਾਂ ਸ਼ੇਖ ਮੁਬਾਕ ਦਾ ਉਸ ਬਾਰੇ ਇਹ ਕਥਨ ਸੀ, ਹਾਂ, ਕੁਝ ਜਾਨਵਰਾਂ ਦੀ ਤਰ੍ਹਾਂ ਬੋਲੀਆਂ ਬੋਲ ਲੈਂਦੇ ਹੋ।'

ਉਸ ਆਲਮ ਫਕੀਰ ਦਾ ਸੰਗੀਤ ਸੁਆਦ ਕਿੰਨਾ ਪੱਕਾ ਹੋਇਆ ਹੋਵੇਗਾ। ਉਸ ਬੰਦੇ ਦਾ ਸੁਆਦ ਤਾਂ ਆਪੋ ਪੱਕਣਾ ਹੋਇਆ। ਜਿਹੜਾ ਬੇਹੁਦਾ ਚਸਕਿਆਂ ਤੋਂ ਉੱਪਰ ਉੱਠ ਕੇ ਸਾਗ ਨਾਲ ਕੇਵਲ ਬਾਜਰੇ ਅਤੇ ਮੱਕੀ ਦੀ ਰੋਟੀ ਖਾਂਦਾ ਸੀ ਅਤੇ ਵੱਧ ਤੋਂ ਵੱਧ ਕਦੀ ਬਾਸਮਤੀ ਦੇ ਚੌਲ।

ਉਸ ਤੋਂ ਵੱਟ ਜ਼ਮੀਨ ਖਾਂ ਕੋਕਾ ਵਰਗੇ ਰਾਗ-ਰਸੀਏ ਵੀ ਇਸ ਦੌਰ ਵਿਚ ਸਨ। ਦੱਸਿਆ ਜਾਦਾ ਹੈ ਕਿ ਉਸ ਨੇ ਕੁਝ ਨਵੇਂ ਸਾਜ਼ ਵੀ ਈਜਾਦ ਕੀਤੇ ਜਿਹਨਾਂ ਨੂੰ ਉਹ ਚੰਗੀ ਤਰ੍ਹਾਂ ਵਜਾ ਲੈਂਦਾ ਸੀ। 'ਆਈਨਿ ਅਕਬਰੀ' ਦੇ ਸਫੇ 367 ਤੇ ਉਸ ਦਾ ਜ਼ਿਕਰ ਤਾਂ ਜ਼ਰੂਰ ਆਉਂਦਾ ਹੈ, ਪਰ ਉਸ ਦੇ ਸਾਜਾਂ ਦੀ ਕਾਢ ਬਾਰੇ ਅਬੁਲ ਫਜ਼ਲ ਉੱਕਾ ਚੁੱਪ ਹੈ।

ਕਲਾਕਾਰ ਦਾ ਅੰਤ : ਇਹ ਮਹਾਨ ਕਲਾਕਾਰ 1562 ਤੋਂ ਲੈ ਕੇ ਆਪਣੇ ਆਖਰੀ ਦਮ ਦਕ ਅਕਬਰ ਦੇ ਦਰਬਾਰ ਵਿਚ ਰਿਹਾ। ਆਖਰ ਕਾਲ ਆ ਗਿਆ। ਅਬੁਲ ਫਜਲ ਦੇ ਕਥਨ ਅਨਬਸਾਰ 'ਚੂੰ ਫਿਤਰਤਿ ਮੁਸਤਕੀਮ ਵਾ ਜੋਹਰ ਕਾਬਲ ਦਾਸ਼ਤ ਬਾ ਦਾਮ ਮੁਲਾਜ਼ਮਤ ਦਾ ਹਜ਼ੂਰ ਬਿਸਾਤਿ ਨਿਸ਼ਾਤਿ ਸ਼ਹਿਨਸ਼ਾਹੀ ਤਰਬੀਰ ਯਾਫਤ' ਅਪ੍ਰੈਲ ਦੀ 22 ਤਾਰੀਖ ਨੂੰ 1589 ਵਿਚ ਇਯ ਮਹਾਨ ਕਲਾਕਾਰ ਦੀ ਦਿੱਲੀ ਵਿਚ ਮੌਤ ਹੋ ਗਈ। ਉਸ ਦੀ ਵਸੀਅਤ ਅਨੁਸਾਰ ਉਸ ਨੂੰ ਉਸਦੇ ਆਪਣੇ ਪੀਰੋ ਮੁਰਸ਼ਦ ਦੇ ਮਜ਼ਾਰ ਦੇ ਲਾਗੇ ਗਵਾਲੀਅਰ ਵਿਚ ਦਫਨਾਇਆ ਗਿਆ। ਉਸ ਦੇ ਮਜ਼ਾਰ ਤੇ ਇਕ ਤਖਤੀ ਜਿਹੜੀ ਮਹਿਮਕਾ ਅਸਾਰਿ ਕਦੀਮਾ ਨੇ ਲਾਈ ਹੋਈ ਹੈ, ਉਸ ਉੱਤੇ ਇਹ ਵਾਕ ਦਰਜ ਹਨ, 'ਤਾਨ. ਸੈਨ ਕੋ ਗਵਈਏ ਇਲਮਿ ਮੌਸੀਕੀ ਕਾ ਬਾਦਸ਼ਾਹ ਯਾ ਨਬੀ ਗਰਦਾਨਤੇ ਹੈ। ਆਪ ਨੇ ਇਲਮਿ ਮੌਸੀਕੀ ਦੀ ਮਾਲੀਮ ਗਵਾਲੀਅਰ ਕੇ ਮਦਰਸਾ ਮੌਸੀਕੀ ਮੇਂ ਹਾਸਲ ਕੀ। ਯੇ ਮਦਰਸਾ ਰਾਜਾ ਮਾਨ ਸਿੰਘ ਤਨਵਰ (ਤੋਮੜ) ਨੇ ਕਾਇਮ ਕੀਆ ਥਾ। ਕੁੱਛ ਅਰਸੇ ਤੱਕ ਆਪ ਰਿਆਸਤ ਰੀਵਾ ਕੇ ਰਾਜਾ ਰਾਮ ਚੰਦਰ ਕੇ ਦਰਬਾਰ ਮੇਂ ਰਹੇ। ਜਿਨ ਸੇ ਬਾਦਸ਼ਾਹ ਅਕਬਰ ਨੇ ਆਪ ਕੋ ਮਾਂਗ ਲੀਆ। ਦਰਬਾਰ ਕੇ ਨੌਂ ਰਤਨੋਂ ਮੇਂ ਆਪ ਬਹੁਤ ਮੁਮਤਾਜ਼ ਥੇ। ਕਹਿਤੇ ਹੈਂ ਕਿ ਆਪ ਅੱਛਾ ਗਵਈਆ ਹਿੰਦੁਸਤਾਨ ਮੇਂ ਆਜ ਤੱਕ ਨਹੀਂ ਹੁਆ।'

ਉਸਦੇ ਮਜ਼ਾਰ ਤੇ ਹਰ ਸਾਲ ਅੱਜ ਵੀ ਉਰਸ ਲੱਗਦਾ ਹੈ ਅਤੇ ਦੇਸ਼ ਭਰ ਦੇ ਗਵੱਈਏ ਇਸ ਥਾਂ ਜ਼ਿਆਰਤ ਨੂੰ ਆਉਂਦੇ ਹਨ। ਇਥੇ ਇਕ ਇਮਲੀ ਦਾ ਰੁੱਖ ਹੈ, ਜਿਸ ਦੇ ਪੱਤੇ ਜਾਂ ਮਾੜੀਆਂ ਪਤਲੀਆਂ ਟਹਿਣੀਆਂ ਵੀ ਕਦੀ ਗਵੱਈਏ ਇਸ ਲਈ ਖਾਂਦੇ ਹਨ ਤਾਂ ਜੋ ਇਸ ਗਾਇਕ ਦੀ ਅਸ਼ੀਰਵਾਦ ਸਦਕਾ, ਉਹਨਾਂ ਦਾ ਗਲ ਵਿਚ ਵੀ ਮਧੁਰਤਾ ਭਰ ਜਾਏ।

ਅਕਬਰੀ ਦੌਰ ਦੇ ਇਸ ਮਹਾਨ ਗਾਇਕ ਦਾ ਜੀਵਨ ਅੱਜ ਤੱਕ ਅਤਿਅੰਤ ਧੁੰਦ ਵਿਚ ਲਿਪਟਿਆ ਰਿਹਾਹੈ। ਉਸ ਦੇ ਸਮਕਾਲੀ ਲੇਖਕਾਂ ਨੇ ਸਾਡੇ ਵਾਸਤੇ ਐਨਾ ਕੁਝ ਪਿੱਛੇ ਨਹੀਂ ਛੱਡਿਆ, ਜਿਸ ਨਾਲ ਹਰੇਕ ਤਰ੍ਹਾਂ ਦੇ ਪਾਠਕਾਂ ਦੇ ਸ਼ੰਕੇ ਦੂਰ ਹੋ ਸਕਣ। ਇਸ ਲਈ ਹੁਣ ਦੇ ਦੌਰ ਦੇ ਖੋਜਕਾਰਾਂ ਦੇ ਕਦਮ ਪੈਰ-ਪੈਰ ਤੇ ਡਗਮਗਾਉਣੇ ਇਕ ਕੁਦਰਤੀ ਜਿਹੀ ਗੱਲ ਹੈ। ਫਿਰ ਵੀ ਸਾਨੂੰ ਖੁਸ਼ੀ ਹੈ ਕਿ ਸਾਡੇ ਦੇਸ਼ ਦੇ ਇਕ ਦੋ ਵਿਅਕਤੀਆਂ ਨੇ ਸਾਡੇ ਸੰਗੀਤ ਦੇ ਇਸ ਕੰਮ ਬਾਰੇ ਥੋੜ੍ਹਾ ਬਹੁਤ ਕੰਮ ਕੀਤਾ ਹੈ। ਸਾਨੂੰ ਐਨੇ ਨਾਲ ਸੰਤੁਸ਼ਟ ਨਹੀਂ ਰਹਿਣਾ ਚਾਹੀਦਾ। ਸਾਨੂੰ ਚਾਹੀਦਾ ਹੈ ਕਿ ਉਸ ਬਾਰੇ ਹੋਰ ਭਰਪੂਰ ਖੋਜ ਕਰੀਏ ਜਿਸ ਨਾਲ ਉਸ ਮਹਾਨ ਸੰਗੀਤਕਾਰ ਦੇ ਵਿਅਕਤਿਤਵ ਨਾਲ ਪੂਰਾ ਇਨਸਾਫ ਹੋ ਸਕੇ।

ਉਸ ਬਾਰੇ ਹੁਣ ਤੱਕ ਮਸਾਂ ਇਕ ਦੋ ਕਿਰਤਾਂ ਹੀ ਮਿਲਦੀਆਂ ਹਨ, ਉਹ ਵੀ ਦੂਰ ਤੁਹਾਡੇ ਜਾਂ ਦੇਸ਼ ਵਿਦੇਸ਼ਾਂ ਦੇ ਕੁਝ ਕੁ ਵੱਡੇ ਪੁਸਤਕਾਲਿਆਂ ਵਿਚ ਉਹਨਾਂ ਵਿਚੋਂ 'ਤਾਨਸੈਨ ਕੇ ਹਾਲਾਤ', ਉਰਦੂਦੀ ਇਕ ਕਿਤਾਬ ਮੁਹੰਮਦ ਦੀਨ ਫੱਕ ਨੇ ਲਿਖੀ ਸੀ, ਜਿਹੜੀ ਬ੍ਰਿਟਿਸ਼ ਮਿਊਜ਼ੀਅਮ ਵਿਚ ਵੀ ਨਹੀਂ ਹੈ। ਉਸ ਤੋਂ ਛੁੱਟ ਉਸ ਸਮੇਂ ਦੀਆਂ ਹਿੰਦੀ ਅਤੇ ਸੰਸਕ੍ਰਿਤ ਆਦਿ ਕਿਰਤਾ ਵਿੱਚ ਵੀ ਉਸ ਬਾਰੇ ਮਾੜਾ ਜਿਹਾ ਜਿਕਰ ਮਿਲ ਜਾਂਦਾ ਹੈ। 'ਸੰਗੀਤ ਸਮਰਾਟ ਤਾਨ ਸੈਨ ਪ੍ਰਭੂਦਿਆਲ ਮਿੱਤਲ ਅਤੇ ਠਾਕਰ ਜੈਦੇਵ ਸਿੰਘ ਇਹਨਾਂ ਦੋਹਾਂ ਨੇ ਵੀ ਪਿੱਛੇ ਜਹੇ ਕਿਤਾਬਚੇ ਜਹੇ ਛਾਪੇ ਸਨ, ਪਰ ਪਰਦੇਸ ਵਿਚ ਬੇਬਸੀ ਦੀ ਹਾਲਤ ਵਿਚ ਮੈਂ ਇਹਨਾਂ ਦੇ ਅਧਿਐਨ ਤੋਂ ਵਾਂਝਾ ਰਹਿ ਰਿਹਾ ਹਾਂ।

ਕਲਾਕਾਰ ਦਾ ਬੰਸ : ਮੀਆਂ ਤਾਨ ਸੈਨ ਦੇ ਘਰ ਚਾਰ ਪੁੱਤਰਾਂ ਅਤੇ ਇਕ ਧੀ ਨੇ ਜਨਮ ਲਿਆ ਜਿਹਨਾਂ ਦੇ ਨਾਂ ਸੂਰਤ ਸੇਨ, ਤਰੰਗ ਸੈਨ, ਬਿਲਾਸ ਖਾਂ ਅਤੇ ਸਰਸਵਤੀ ਸਨ। ਉਸ ਦੀ ਮੌਤ ਪਿੱਛੋਂ ਉਸੇ ਪਰਿਵਾਰ ਨੇ, ਉਸ ਦਾ ਨਾਂ ਜਿਊਂਦਾ ਰੱਖਿਆ। ਕਲਕੱਤਾ ਨਿਵਾਸੀ ਮਹਾਨ ਉਸਤਾਦ ਦਬੀਰ ਖਾਂ ਬੀਨਕਾਰ, ਜਿਸ ਦੀ ਪਿਛਲੇ ਸਾਲ ਦੀ ਮੌਤ ਹੋਈ, ਸਿੱਧਾ ਇਸ ਬੰਸ ਵਿਚੋਂ ਹੀ ਹੈ।

ਉਸ ਦੀ ਬੰਸ ਪਰੰਪਰਾ ਪਿੱਛੋਂ ਜਾ ਕੇ ਸੈਨੀ ਸਦਵਾਈ ਅਤੇ ਦੋ ਸ਼ਰੇਣੀਆਂ ਬੀਨਕਾਰ ਅਤੇ ਰਬਾਬੀਆਂ ਵਿਚ ਵੰਡੀ ਗਈ। ਕਿਉਂਕਿ ਉਸਦਾ ਪੁੱਤਰ ਬਿਲਾਸ ਖਾਂ, ਉਸ ਸਮੇਂ ਦਾ ਇਕ ਪ੍ਰਸਿਧ ਰਬਾਬੀ ਸੀ, ਉਸ ਰਬਾਬੀਏ ਅਖਵਾਰੀ ਅਤੇ ਉਸਦੀ ਪੁੱਤਰੀ ਆਪਣੇ ਸਮੇਂ ਦੀ ਇਕ ਮਹਾਨ ਬੀਨਕਾਰ ਹੋਣ ਕਾਰਨ ਜਿਹੜਾ ਬੰਸ ਉਧਰੋਂ ਤੁਰਿਆ ਬੀਨਕਾਰ ਸਦਵਾਇਆ।

2-ALBERT ROAD, ILFORD, ESSEX IGI 1HN (UK)



# ਸਰਗੁਣ ਪ੍ਰਮੇਸ਼ਵਰ

(ਪ੍ਰਿਥਮੈ ਆਦਿ ਨਾਦਿ ਸ਼ਿਵ ਸ਼ਕਤੀ ਪ੍ਰਮੇਸ੍ਵਰਹ)

## ਕਰਮ ਸਿੰਘ ਰਤਨ

ਉਪਰ ਵਾਲੀ ਪੰਗਤੀ ਸੰਗੀਤ ਆਚਾਰੀਯਾ, ਸ੍ਰੀ ਬੈਜੂ ਬਾਵਰਾ ਜੀ ਦੀ ਉਚਾਰੀ ਹੋਈ ਹੈ। ਅਤੇ ਇਸ ਪੰਗਤੀ ਦਾ ਅਰਥ ਇਹ ਹੈ ਕਿ ਪ੍ਰਿਥਵੀ ਦੇ ਆਦਿ (ਸ਼ੁਰੂ) ਵੇਲੇ, ਜਦੋਂ (ਅਰਬਦ ਨਰਬਦ ਧੁੰਧੂਕਾਰਾ। ਧਰਣਿ ਨ ਗਗਨਾ ਹੁਕਮੁ ਅਪਾਰਾ। ਨਾ ਦਿਨੁ ਰੈਨਿ ਨ ਚੰਦੁ ਨ ਸੂਰਜ, ਸੁੰਨ ਸਮਾਧਿ ਲਗਾਇਦਾ।੧। (ਮਾਰੂ ਮਹਲਾ ੧ ਪੰਨਾ 1035)

ਅਰਥਾਤ : ਜਦੋਂ ਸਭ ਪਾਸੇ ਧੁਧੂੰਕਾਰ - ਧੁੰਦ ਸੀ, ਅਤੇ ਅੰਧੇਰਾ ਸੀ, ਅੰਧਕਾਰ ਸੀ, ਨਾ ਇਹ ਧਰਤੀ ਸੀ, ਨਾ ਗਗਨ ਆਕਾਸ਼ ਸੀ, ਨਾ ਸੂਰਜ ਸੀ, ਨਾ ਹੀ ਚੰਦਰਮਾ ਸੀ, ਨਾ ਦਿਨ ਸੀ, ਨਾ ਰਾਤ ਸੀ, ਨਾ ਪਾਣੀ ਸੀ, ਨਾ ਕੋਈ ਨਦੀ ਸੀ, ਤੇ ਨਾ ਹੀ ਸਮੁੰਦਰ ਸੀ।

ਉਦੋਂ ਉਸ ਧੁੰਧ ਵਿਚੋਂ ਇਕ ਛੋਟਾ ਜਿਹਾ ਬਿੰਦੂ ਪੈਦਾ ਹੋ ਗਿਆ ਅਤੇ ਉਹ ਬਿੰਦੂ ਹੌਲੇ ਹੌਲੇ ਆਹਿਸਤਾ ਆਹਿਸਤਾ ਵੱਡਾ ਹੋਣ ਲੱਗ ਪਿਆ। ਅਤੇ ਵੱਡਾ ਹੋ ਕੇ ਤਣ ਗਿਆ ਅਤੇ ਉਹ ਫਟ ਗਿਆ। ਜਿਸ ਤਰ੍ਹਾਂ ਬੰਬ ਫਟਦਾ ਹੈ। ਇਕ ਬਹੁਤ ਹੀ ਵੱਡਾ ਧਮਾਕਾ ਹੋਇਆ। ਉਸ ਧਮਾਕੇ ਵਿਚੋਂ ਇਕ ਬਹੁਤ ਹੀ ਜ਼ੋਰਦਾਰ ਆਵਾਜ਼ ਨਿਕਲੀ, ਉਸ ਧਮਾਕੇ ਤੋਂ ਜੋ ਆਵਾਜ਼ ਪੈਦਾ ਹੋਈ, ਉਸ ਦਾ ਨਾਮ ਹੈ ਸ਼ਬਦ, ਇਕ ਨਾਦ ਸਵਰ ਗੂੰਜੀ, ਅਤੇ ਨਾਲ ਹੀ ਉਸ ਵਿਚੋਂ ਬਹੁਤ ਸਾਰੀ ਅੱਗ ਤੇ ਉਸ ਦੇ ਬਹੁਤ ਸਾਰੇ ਵੱਡੇ ਵੱਡੇ ਚੰਗਿਆੜੇ ਪੈਦਾ ਹੋਏ, ਉਹ ਆਵਾਜ਼ ਤੇ ਚੰਗਿਆੜੇ ਇਤਨੇ ਜ਼ੋਰ ਨਾਲ ਫਟੇ ਕਿ ਉਹ ਲੱਖਾਂ, ਕਰੋੜਾਂ, ਅਰਬਾਂ ਮੀਲਾਂ ਤੱਕ ਫੈਲ ਗਏ ਅਤੇ ਉਹ ਫੈਲ ਕੇ ਅਰਬਾਂ ਖਰਬਾਂ ਸੂਰਜ ਬਣ ਗਏ ਅਤੇ ਆਨੰਤ ਸੂਰਜ ਪੈਦਾ ਹੋ ਗਏ। ਉਹ ਆਵਾਜ਼ ਵੀ ਉਹਨਾਂ ਅਨੰਤ ਸੂਰਜਾਂ ਦੇ ਨਾਲ ਫੈਲ ਗਈ। ਉਹ ਆਵਾਜ਼ ਸਭ ਦੇ ਵਿਚ ਅੱਜ ਤੱਕ ਗੂੰਜ ਰਹੀ ਹੈ ਅਤੇ ਸਮਾਈ ਹੋਈ ਹੈ ਅਤੇ ਗੂੰਜਦੀ ਰਹੇਗੀ ਸਦਾ ਲਈ ਅਤੇ ਸਮਾਈ ਰਹੇਗੀ। ਇਹ ਜੋ ਆਵਾਜ਼ ਹੈ, ਜੋ ਸ੍ਵਰ ਹੈ, ਇਸ ਦਾ ਦੂਜਾ ਨਾਮ ਹੈ ਨਾਦਿ, ਸੰਸਕ੍ਰਿਤ ਭਾਸ਼ਾ ਵਿਚ ਜਿਸ ਨੂੰ ਨਾਦ ਕਹਿੰਦੇ ਹਨ। ਉਸੇ ਨੂੰ ਹੀ ਉਰਦੂ ਭਾਸ਼ਾ ਵਿਚ ਆਵਾਜ਼ ਕਹਿੰਦੇ ਹਨ ਅਤੇ ਪੰਜਾਬੀ ਵਿਚ ਇਸ ਨੂੰ ਸ਼ਬਦ ਕਹਿੰਦੇ ਹਨ। ਇਹ ਆਵਾਜ਼ ਸ਼ਬਦ ਸ੍ਰਿਸ਼ਟੀ ਦੇ ਹਰ ਜੀਵ ਵਿਚੋਂ ਹਰ ਥਾਂ ਤੇ ਪ੍ਰਗਟ ਹੋ ਰਹੀ ਹੈ, ਬੋਲ ਰਹੀ ਹੈ, ਜਿਸ ਨੂੰ ਅਸੀਂ ਆਹਤ ਨਾਦ ਜਾਂ ਅਨਾਹਦ ਨਾਦ ਕਹਿੰਦੇ ਹਾਂ। ਸਭ ਓਹੀ ਆਵਾਜ਼ ਹੈ ਜੋ ਆਵਾਜ਼ ਬਿਨਾਂ ਕਿਸੇ ਟਕਰਾਅ ਤੋਂ ਵੀ ਪੈਦਾ ਹੋ ਰਹੀ ਹੈ ਅਤੇ ਬਦਲਾਂ ਦੀ ਗਰਜ ਤੋਂ, ਬਾਰਿਸ਼ ਦੇ ਪੈਣ ਤੇ, ਪਾਣੀ ਦੇ ਝਰਨਿਆਂ ਤੋਂ, ਸਮੁੰਦਰ ਦੀਆਂ ਛੱਲਾਂ ਤੋਂ, ਹਵਾ ਦੇ ਵਗਣ ਦੀ ਆਵਾਜ਼, ਹਵਾਂ ਨਾਲ ਦਰੱਖਤਾਂ ਤੇ ਝੂਲਣ ਦੀ ਆਵਾਜ਼, ਜੰਗਲੀ ਜਾਨਵਰਾਂ ਚੌਪਾਏ ਜੀਵਾਂ ਦੀ ਆਵਾਜ਼, ਪੰਛੀਆਂ ਦੀ ਆਵਾਜ਼, ਸਾਜ਼ਾਂ ਦੀ ਆਵਾਜ਼, ਤਾਲ ਦੇਣ ਵਾਲੇ ਸਾਜ, ਡਮਰੂ, ਡੱਫ, ਮ੍ਰਿਦੰਗ, ਢੋਲਕ, ਤਬਲਾ, ਛੈਣੇ, ਕੈਂਸੀਆਂ, ਵਾਜੇ, ਬੰਸਰੀਆਂ, ਨਫੀਰੀਆਂ, ਸਿਤਾਰ, ਸਰੋਦ, ਤਾਊਸ, ਦਿਲਰੁਬਾ, ਹੋਰ ਅਨੇਕਾਂ ਹੀ ਸਾਜ਼ ਜੋ ਗਿਣੇ ਨਹੀਂ ਜਾਂਦੇ, ਜਿਸ ਤਰ੍ਹਾਂ ਕੁਦਰਤ ਦੇ ਬਣਾਏ ਇਹ ਖੰਡ ਬ੍ਰਹਿਮੰਡ ਗਿਣੇ ਨਹੀਂ ਜਾਂਦੇ, ਇਸੇ ਤਰ੍ਹਾਂ ਇਹ ਸਾਜ਼ ਤੇ ਆਵਾਜ਼ਾਂ ਸ੍ਵਰ ਕਿਤਨੇ ਕੁ ਹਨ, ਗਿਣੇ ਨਹੀਂ ਜਾਂਦੇ। ਸੋ ਪ੍ਰਿਥਵੀ ਦੇ ਆਦਿ ਵਿਚ ਜੋ ਸੁਰ, ਨਾਦ, ਸੀ ਉਹ ਸ਼ਿਵ ਸ਼ਕਤੀ, ਅਰਥਾਤ ਸ਼ਿਵ ਓਮ ਜੋ ਸਵੈਭੰ ਹੈ, ਸੁੱਤੇ ਪ੍ਰਕਾਸ਼, ਅਰਥਾਤ ਆਪਣੇ ਆਪ ਪੈਦਾ ਹੋਈ। ਉਹੀ ਆਵਾਜ਼ ਪ੍ਰਮੇਸ਼ਰ ਹੈ-ਅਰਥਾਤ ਆਵਾਜ਼, ਸਵਰ ਹੀ ਪ੍ਰਮੇਸ਼ਰ ਹੈ ਅਤੇ ਸਾਰੇ ਧਰਮਾਂ ਦੇ ਗ੍ਰੰਥ ਇਹ ਕਹਿੰਦੇ ਹਨ ਕਿ ਉਹ ਜੋ ਆਵਾਜ਼ ਪੈਦਾ ਹੋਈ ਸੀ, ਉਸ ਧਮਾਕੇ ਰਹੀਂ, ਉਸ ਦੇ ਅੱਖਰੀ ਬੋਲ ਸਨ (ਓਅੰਕਾਰ) ਗੁਰੂ ਸਾਹਿਬ ਜੀ, ਦੀ ਬਾਣੀ ਵੀ ਇਹ ਸੰਕੇਤ ਕਰਦੀ ਹੈ।

ਓਅੰਕਾਰਿ ਬ੍ਰਹਮਾ ਉਤਪਤਿ। ਓਅੰਕਾਰ ਦੀਆ ਜਿਨ ਚਿਤ। ਓਅੰਕਾਰ ਸੈਲ ਜੁਗ ਭਏ। ਓਅੰਕਾਰ ਬੇਦ ਨਿਰਮਏ। (ਰਾਮਕਲੀ ਮ: ੧ ਪੰਨਾ 929)॥ (ਓਅੰਕਾਰ ਉਤਪਤੀ-ਮਾਰੂ ਮ: ੫, ਪੰਨਾ 1003), (ਓਅੰਕਾਰ ਆਦਿ ਮੈ ਜਾਨਾ-ਗਉੜੀ ਕਬੀਰ ਜੀ, ਪੰਨਾ 340) (ਓਅੰਕਾਰਿ ਏਕੁ ਧੁਨਿ ਏਕੈ, ਏਕੈ ਰਾਗੁ ਅਲਾਪੈ। ਰਾਮਕਲੀ ਮ: ੫ ਪੰਨਾ 885) (ਓਅੰਕਾਰਿ ਏਕੋ ਰਵਿ ਰਹਿਆ-ਕਾਨੜਾ ਮ: ੪, ਪੰਨਾ 1310) ਇਸ ਤੋਂ ਇਲਾਵਾ ਦਸਮ ਪਾਤਸ਼ਾਹ ਲਿਖਦੇ ਹਨ - ਪ੍ਰਣਵੋ

ਆਦਿ ਏਕੰਕਾਰਾ। ਜਲ ਥਲ ਮਹੀਅਲਿ ਕੀਓ ਪਾਸਾਰਾ॥ (ਅਕਾਲ ਉਸਤਤਿ ਪਾ: ੧੦)

ਸੋ ਇਹ ਓਅੰਕਾਰ ਸ਼ਬਦ ਸੀ, ਗੁਰੂ ਨਾਨਕ ਪਾਤਸ਼ਾਹ ਜੀ ਨੇ ਇਸ ਦੇ ਨਾਲ ੧ ਏਕਾ ਲਾ ਦਿੱਤਾ ਹੈ, ਕਿ ਉਹ ਇਕ ਹੈ, ਅਤੇ ਜੋ ਸਵਰ ਹੈ, ਆਵਾਜ਼ ਹੈ, ਉਹ ਇਕ ਹੀ ਹੈ। ਇਹੀ ਆਵਾਜ਼ ਸਾਰੀ ਕਾਇਨਾਤ, ਇਸ ਖਾਲੀ ਪੁਲਾੜ ਵਿਚ ਫੈਲੀ ਹੋਈ ਹੈ। ਅਤੇ ਇਹੀ ਆਵਾਜ਼ ਸੁਰ 'ਸਤਿਨਾਮ' ਹੈ। ਕਿਉਂਕਿ ਆਵਾਜ਼ ਸੁਰ ਦੇ ਅਪੋਜ਼ਿਟ, ਉਸ ਦਾ ਬਦਲ ਕੁਛ ਹੈ ਈ ਨਹੀਂ, ਅਤੇ ਜੋ ਕੁਝ ਨਹੀਂ ਹੁੰਦਾ, ਉਹ ਝੂਠ ਹੁੰਦਾ ਹੈ। ਜੇ ਬਦਲੇ ਵਿਚ ਨਹੀਂ ਹੈ ਤਾਂ ਉਹ ਸਤਿ ਹੈ, ਸਚਿ ਹੈ ਅਤੇ ਸੱਚ ਹੀ ਈਸ਼ਵਰ ਦਾ ਨਾਮ ਹੈ ਕਿਉਂਕਿ ਸਵਰ ਆਵਾਜ਼ ਸੱਤ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਾਰੀ ਬਾਣੀ 1430 ਪੰਨੇ ਸਤਿ ਦੀ ਹੀ ਵਿਆਖਿਆ ਹੈ ਅਤੇ ਇਹ ਜੋ ਸਵਰ ਹੈ ਆਵਾਜ਼ ਹੈ। ਇਹ ਸਾਰੀ ਸ੍ਰਿਸ਼ਟੀ ਬਣੀ, ਉਸ ਧਮਾਕੇ ਨਾਲ ਇਹ ਕਈ ਬ੍ਰਹਿਮੰਡ ਤੇ ਕਈ ਸੂਰਜ ਤੇ ਕਈ ਧਰਤੀਆਂ ਤੇ ਚੰਦ ਤਾਰੇ, ਗ੍ਰਹਿ ਨਛੱਤਰ ਬਣ ਗਏ, ਇਸ ਲਈ ਇਹ ਸਾਰੀ ਸ੍ਰਿਸ਼ਟੀ ਦਾ 'ਕਰਤਾ ਪੁਰਖ', ਰਚਨ ਹਾਰ ਹੈ। ਸੁਰ ਤੇ ਆਵਾਜ਼ ਤੋਂ ਵੱਡੀ ਕੋਈ ਚੀਜ਼ ਹੈ ਹੀ ਨਹੀਂ ਤੇ ਡਰ ਤਾਂ ਆਪ ਤੋਂ ਵੱਡੇ ਦਾ ਹੁੰਦਾ ਹੈ ਤੇ ਉਸ ਤੋਂ ਵੱਡਾ ਤਾਂ ਕੋਈ ਹੈ ਈ ਨਹੀਂ, ਤਾਂ ਡਰ ਕਾਹਦਾ ਭਉ ਕਾਹਦਾ, ਇਸ ਲਈ ਉਹ 'ਨਿਰਭਉ' ਹੈ। ਵੈਰ ਤੇ ਤਾਂ ਹੀ ਹੁੰਦਾ ਹੈ, ਜੇ ਕਰ ਕੋਈ ਮੁਕਾਬਲੇ ਤੇ ਹੋਵੇ, ਅਤੇ ਸੁਰ ਤੇ ਆਵਾਜ਼ ਦੇ ਮੁਕਾਬਲੇ ਕੋਈ ਹੈ ਹੀ ਨਹੀਂ ਤੇ ਫਿਰ ਵੈਰ ਕਿਸ ਨਾਲ, ਇਸ ਲਈ ਓਹ 'ਨਿਰਵੈਰ' ਹੈ। ਇਹ ਜੋ ਸੁਰ ਪੈਦਾ ਹੋਈ ਹੈ। ਇਹ ਖਤਮ ਹੋਣ ਵਾਲੀ ਨਹੀਂ ਹੈ। ਇਹ ਸਮੇਂ ਵਿਚ ਕਾਲ, ਵਿਚ ਵੀ ਨਹੀਂ, ਇਹ ਅਕਾਲ ਹੈ, ਸਮੇਂ ਤੋਂ ਬਾਹਰ ਹੈ ਅਤੇ ਇਸ ਦੀ ਕੋਈ ਵੀ ਮੂਰਤੀ ਨਹੀਂ, ਕਿਉਂਕਿ ਆਵਾਜ਼ ਦੀ ਸੁਰ ਦੀ ਕੋਈ ਮੂਰਤੀ ਬਣ ਹੀ ਨਹੀਂ ਸਕਦੀ, ਕਿਉਂਕਿ ਇਹ (ਚਕ੍ਰ ਚਿਹਨ, ਆਰ ਬਰਨ ਜਾਤ, ਅਰ ਪਾਤ ਨਹਿਨ ਜਿਹ। ਇਸ ਮੂਰਤੀ ਨੂੰ ਕਾਲ ਨਹੀਂ ਆਂਵਦਾ, ਇਸ ਲਈ ਇਹ 'ਅਕਾਲ ਮੂਰਤਿ' ਹੈ। ਅਤੇ ਇਸ ਆਵਾਜ਼ ਦਾ ਕੋਈ ਰੰਗ ਰੂਪ ਜਾਤ ਜੂਨ ਨਹੀਂ ਹੈ, ਇਸ ਲਈ ਇਹ ਆ ਜੂਨੀ ਹੈ, ਇਸ ਦੀ ਕੋਈ ਵੀ ਜੁਨ ਨਹੀਂ, ਇਹ ਲਈ ਇਹ 'ਆਜੂਨੀ' ਹੈ ਅਤੇ ਇਹ ਸੈਭੰ ਹੈ, ਅਰਥਾਤ ਸੁੱਤੇ ਪ੍ਰਕਾਸ਼ ਹੈ, ਇਸ ਨੂੰ ਕਿਸੇ ਨੇ ਪੈਦਾ ਨਹੀਂ ਕੀਤਾ, ਇਹ ਆਪੇ ਹੀ ਪੈਦਾ ਹੋਈ ਹੈ। ਇਸ ਲਈ ਇਹ 'ਸੈਭੰ' ਹੈ। ਪਰ ਇਸ ਸੁਰ ਤੇ ਆਵਾਜ਼ ਦਾ ਗਿਆਨ ਤਾਂ ਹੀ ਪ੍ਰਾਪਤ ਹੋ ਸਕਦਾ ਹੈ, ਜੇ ਕਰ ਗੁਰੂ ਕ੍ਰਿਪਾ ਕਰੇ, 'ਗੁਰ ਪ੍ਰਸਾਦਿ' ਗੁਰੂ ਦੀ ਕ੍ਰਿਪਾ ਦੁਆਰਾ ਹੀ ਸੁਰ ਦਾ ਗਿਆਨ ਹੁੰਦਾ ਹੈ ਅਤੇ ਗੁਰੂ ਸਾਹਿਬਾਂ ਨੇ ਸਾਨੂੰ ਈਸ਼ਵਰ ਦਾ ਗਿਆਨ ਕਰਵਾਉਣ ਲਈ,ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਿੱਤਾ ਹੈ, ਜੋ ਸਾਨੂੰ ਰੌਸ਼ਨੀ ਦੇਂਦਾ ਹੈ ਅਤੇ ਜੋ ਸੁਰ ਨਾਦ, ਅਤੇ ਆਵਾਜ਼ ਰੂਪੀ ਈਸ਼ਵਰ ਹੈ ਤੇ ਇਹ ਸੁਰ ਜਿਹਨਾਂ ਸੁਰਾਂ ਤੇ ਰਾਗਾਂ ਰਾਹੀਂ ਪ੍ਰਗਟ ਹੁੰਦਾ ਹੈ, ਉਹਨਾਂ ਰਾਗਾਂ ਵਿਚ ਪਾ ਕੇ ਈਸ਼ਵਰ ਦੇ ਬੋਲ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 1430 ਪੰਨਿਆਂ ਤੇ ਸਤਿਗੁਰ ਜੀ ਨੇ ਅੰਕਿਤ ਕੀਤੇ ਹਨ।

ਈਸ਼ਵਰ ਦੇ ਦੋ ਰੂਪ ਮੰਨੇ ਜਾਂਦੇ ਹਨ। ਇਕ ਨਿਰਗੁਨ ਤੇ ਸਰਗੁਨ-ਨਿਰਗੁਨ ਰੂਪ ਇਹ ਹੈ ਕਿ ਅਸੀਂ ਸੁਣਿਆ ਹੈ ਕਿ ਈਸ਼ਵਰ ਪ੍ਰਮਾਤਮਾ ਹੈ, ਪਰ ਕਦੇ ਵੇਖਿਆ ਨਹੀਂ, ਇਸ ਨੂੰ ਨਿਰਗੁਣ ਰੂਪ ਕਹਿੰਦੇ ਹਨ, ਤੇ ਸਰਗੁਣ ਰੂਪ ਉਹ ਹੁੰਦਾ ਹੈ ਜੋ ਸਾਮਹਣੇ ਦੇਖ ਲਈਏ ਤੇ ਉਸ ਨੂੰ ਸਪਰਸ਼ ਕਰ ਲਈਏ, ਉਸ ਨਾਲ ਗੱਲਾਂ ਕਰ ਲਈਏ, ਸੋ ਸੁਰ ਰਾਗ ਜੋ ਈਸ਼ਵਰ ਦਾ ਨਿਰਗੁਣ ਰੂਪ ਹੈ, ਜੋ ਅਸੀਂ ਅੱਖਾਂ ਨਾਲ ਦੇਖ ਨਹੀਂ ਸਕਦੇ, ਹਾਂ ਕੰਨਾਂ ਰਾਹੀਂ ਸੁਣ ਕੇ ਸਪਰਸ਼ ਕਰ ਸਕਦੇ ਹਾਂ ਅਤੇ ਜੋ ਬਾਣੀ ਹੈ ਉਹ ਪਰਮਾਤਮਾ ਦੇ ਬੋਲ ਹਨ। ਜੋ ਈਸ਼ਵਰ ਸਾਨੂੰ ਬੋਲ ਕੇ ਸਿੱਖਿਆ ਦੇ ਰਿਹਾ ਹੈ। ਉਹ ਆਪ ਹੀ 'ਗੁਰੂ' ਮਾਸਟਰ, ਟੀਚਰ ਬਣ ਕੇ, ਸਤਿਗੁਰ ਕਹਿੰਦੇ ਹਨ (ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜ਼ਾਰ। ਏਤੇ ਚਾਨਣ ਹੁੰਦਿਆ ਗੁਰ ਬਿਨ ਘੋਰ ਅੰਧਾਰ॥) ਆਸਾ ਦੀ ਵਾਰ ਪੰਨਾ 462) ਜੋ ਅਗਿਆਨ ਦੇ ਅੰਧੇਰੇ ਵਿਚ ਗੁਰੂ ਗਿਆਨ ਦੇ ਕੇ, ਸਾਨੂੰ ਈਸ਼ਵਰ ਦੀ ਸੋਝੀ ਕਰਾਂਦਾ ਹੈ। ਉਹ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਹੈ, ਸੋ ਗੁਰੂ ਗ੍ਰੰਥ ਸਾਹਿਬ ਵਿਚ ਜੋ ਰਾਗ ਹਨ, ਉਹ ਈਸ਼ਵਰ ਦੀ ਆਵਾਜ਼ ਹੈ, ਅਤੇ ਬਾਣੀ ਹੈ, ਇਹ ਈਸ਼ਵਰ ਦੇ ਬੋਲ ਹਨ। ਇਸ ਲਈ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਨੇ ਇਹ ਹੁਕਮ ਕੀਤਾ ਹੈ ਕਿ ਪੋਥੀ ਪਰਮੇਸ਼ਰ ਕਾ ਥਾਨ) ਸਾਰੰਗ ਮ: ੫ (ਪੰਨਾ 1226)। ਸੋ ਇਹ ਗੱਲ ਸਿੱਧ ਹੋ ਗਈ ਕਿ 'ਸੁਰ ਹੀ ਈਸ਼ਵਰ ਹੈ' ਜੋ ਕੇ ਸ੍ਰੀ ਬੈਜੂ ਬਾਵਰਾ ਜੀ ਨੇ ਇਹ ਪੰਗਤੀ ਕਹੀ ਸੀ : ਪ੍ਰਿਥਮੈ ਆਦਿ ਨਾਦਿ ਸ਼ਿਵ ਸਕਤੀ ਪ੍ਰਮੇਸੁਰਹ)

425, ਸਿਮਰਨ ਨਿਵਾਸ, ਗਲੀ ਨੰ: 1, ਨਿਊ ਬਸੰਤ ਵਿਹਾਰ, ਕਾਕੋਵਾਲ ਰੋਡ, ਲੁਧਿਆਣਾ - 140 008
ਮੋਬਾਇਲ : 9780708747

# गुरू ग्रन्थ साहिब में संगीत की महत्ता – नव परिपेक्ष्य

नरेन्द्र कौर

श्री गुरू ग्रन्थ साहिब सिक्खों का पवित्र ग्रन्थ है। इसमें केवल सिक्ख गुरू साहिबान की ही नहीं बल्कि महान सन्तों, पीरों, भक्तों और कवियों की आध्यात्मिक वाणी संकलित है। यह एक ऐसा महान ग्रन्थ है जिसमें बाबा फरीद(1173ई.), भक्त त्रिलोचन (1267ई.), भक्त नामदेव (1270ई.), भक्त सधना (13वीं सदी), गुरू रामानन्द (14वीं–15वी सदी) भक्त कबीर(1389–1494ई.) इत्यादि भक्तों और भट्टों की वाणी रागों में अंकित है। यह ग्रन्थ सर्व धर्म एकता और भाईचारे का प्रतीक है।

श्री गुरू ग्रंथ साहिब में सम्मिलित सम्पूर्ण वाणी 31 रागों और 31 राग प्रकारों कुल 62 रागों में निबद्ध है। प्रत्येक शबद के ऊपर सर्वप्रथम राग का नाम लिखा है। सभी गुरू साहिबान ने अपनी वाणी रागों में गाई और संगीतमय ढंग से उसका उच्चारण किया। गुरू ग्रन्थ साहिब में संकलित वाणी को संगीतमय रूप में गाना अर्थात् शबद को राग–ताल–बद्ध करके गायन करना कीर्तन कहलाता है। इस ग्रन्थ में सम्मिलित शबदों की रचना संगीतात्मक है। गुरू नानक देव जी जब वाणी का गायन करने की इच्छा प्रकट करते तो अपने साथी भाई मरदाना से पहले कहते,''मर्दानया रबाब छेड़, वाणी आई है।'' इसी प्रकार अन्य गुरू साहिबान ने भी कीर्तन को ही प्रधानता दी है। गुरुवाणी में कीर्तन को सर्वोच्च स्थान प्राप्त है। सम्पूर्ण कर्म–काण्डों का खण्डन करते हुए कीर्तन को श्रेषठ बताया गया है। पेज संख्या 641 पर अंकित यह शबद कीर्तन की महत्ता को इस प्रकार स्पष्ट कर देता है–

पाठ पढ़यो अर बेद बीचारयो
निवल भुयंगम साधे
पंच जना सिउ संग न छुटकयो
अधिक अहं बुद्धि बांधे।।1।।
प्यारे इन विधि मिलन न जाई
मैं कीये करम अनेका
हार परयो स्वामी कै दुआरे
दीजै बुद्धि बिबेका।। रहाउ।।
मौन फिरयो करपाती रहयो।
नगन फिरयो बन माहीं।।
तट तीरथ सब धरती भ्रमयो
दुबिधा छुटके नाहीं।।2।।

मन कामना तीरथ जाए बसयो
सिर करवत धराए।।
मन की मैल न उतरै इह बिधि
जे लख जतन कराये।।3।।
कनिक कामिनी हैवर गैवर
बहु बिधि दान दातारा।।
अन्न बस्त्र भूमि बहु अरपे
नह मिलिए हरि दुआरा।।4।।
पूजा अर्चा बन्दन डंडौत
खट करमा रत रहता
हउ हउ करत बन्धन महिं परया
नह मिलिए इह जुगता।।5।।
जोग सिद्ध आसन चौरासी
ए भी कर कर रहया।।
वडी आरजा फिर फिर जनमै
हरि सिंउ संग न गहया।।6।।
राज लीला राजन की रचना
करया हुकम अफारा।।
सेज सोहनी चंदन चोआ
नरक घोर का दुआरा।।7।।
हरि कीरत साध संगत है
सिर करमन कै करमा।।
कहु नानक तिस भयो परापत
जिस पुरब लिखे का लहना।।8।।
तेरो सेवक इहु रंग माता।।
भयो क्रिपाल दीन दुःख भंजन
हरि हरि कीर्तन इहु मन राता।। रहाउ दूजा।।

अर्थात् जप–तप योग साधना, मौन व्रत, तीर्थों का भ्रमण, पूजा–अर्चना अथवा दान देने से परमात्मा की प्राप्ति नहीं होती। जब यह मनुष्य साधु की संगति में बैठकर हरि का यशगान करता है अर्थात् कीर्तन सुनता और गाता है तब उसे प्रभु प्राप्ति हो जाती है। यह सभी कर्मों से श्रेष्ठ है। कीर्तन के गायन से मनुष्य आवागमन से मुक्त हो जाता है–

''हरदिन रैन कीर्तन गाइयै
बहुड़ न जोनी पाइयै।।''
''गुरुवाणी गावहु भाई
उह सफल सदा सुखदाई।।''

कीर्तनकार (संगीतकार जो गुरुवाणी का गायन करता है) के लिए लिखा है–

भलो भलो रे कीर्तनिया
राम रमा रामा गुन गाओ
छोड माया के धंध सुआओ।।रहाउ।।
जे को अपने ठाकुर भावै
कोटि मध्य इह कीर्तन गावै
साधु संगत की जावो टेक
कहु नानक तिस कीर्तन एक।।

गुरू ग्रन्थ साहिब का आरम्भ 'जपजी साहिब' की वाणी से होता है जिसमें समस्त कायनात के द्वारा गायन और वादन किये जाने का उल्लेख है। उदाहरण के लिए कुछ पंक्तियाँ इस प्रकार है :–

सोदर केहा सो घर केहा
जित बह सरब सम्हाले
वाजे नाद अनेक असंखा
केते वावणहारे।।
केते राग परी सिंउ कहीयन
केते गावणहारे।।
गावह तुहनों पौण पाणी बैसंतर
गावै राजा धरम दुआरे।।
गावै चित्तगुपत लिख जाणन
लिख लिख धरम वीचारे।।
गावह ईसर ब्रह्मा देवी
सोहन सदा सवारे।।
गावह इन्द इन्दासन बैठे
देवतेयां दर नाले।।
गावह सिद्ध समाधि अन्दर
गावण साध विचारे।।

सम्पूर्ण सृष्टि, देवी, देवता, इन्द्र, सिद्ध, जोगी, हवा, पानी, अग्नि चित्रगुप्त, ब्रह्मा, विष्णु और महेश सभी उस परमात्मा का यश गायन कर रहे हैं। अर्थात् सम्पूर्ण सृष्टि संगीतमय है। अनहद नाद निरन्तर चल रहा है। यहाँ ध्यान देने योग्य बात यह है कि गुरुवाणी कीर्तन का मुख्य ध्येय मनोरंजन मात्र नहीं। वरन् गुरुवाणी ब्रह्म केन्द्रित है, यह आत्मा को परमात्मा से जोड़ने का साधन है, यह सत्–चित् और आनन्द का प्रतीक है इसलिए यह संगीत के तकनीकी पक्ष की अपेक्षा शबद के भावार्थ और दार्शनिक उद्देश्य को प्रकट करने को प्राथमिकता देने वाली है। इसलिए गुरुवाणी में चुने गये राग शबद के विषयानुकूल हैं। ऐसे रागों का चयन किया गया है जो प्रभुमिलाप में सहायक हों। संगीत को शबद के अन्तः भाव की अभिव्यक्ति का माध्यम बनाया गया है ताकि शबद में निहित रहस्मयी भाव अधिक स्पष्ट और प्रभावशाली हो सके। गुरू ग्रंथ साहिब में निहित संगीत

कलाकारी प्रदर्शन का माध्यम नहीं बल्कि यह शबद के साथ ध्यान एकाग्र करने के लिए प्रयोग हुआ है। गुरुवाणी में राग के विषय में लिखा है:–

'सुखमन कै घर राग सुन
सुन्न मंडल लिव लाय।'

गुरुवाणी का प्रत्येक शबद और प्रत्येक अक्षर धुनात्मक भाव रागात्मक है। धुन के द्वारा ध्यान और ध्यान के द्वारा ज्ञान की प्राप्ति की बात कही गई है :–

''धुन महिं ध्यान, ध्यान महिं जानया
गुरमुख अकथ कहानी।''

श्री गुरू ग्रंथ साहिब में रचित वाणी को गुरुओं ने रागों में गायन करने का आदेश दिया है। कीर्तन की महत्ता को श्री गुरू ग्रंथ साहिब की निम्नलिखित पंक्तियाँ इस प्रकार दर्शाती हैं :–

''कथा कीर्तन राग नाद इहु बनयो सुआओ।।''

''नानक कह सुन रे मना कर कीर्तन होय उधार।।''

''कलजुग महिं कीर्तन परधाना
गुरमुख जपियै लाय धियाना।''

''हर दिन रैन कीर्तन गाइयै बहुड़ न जोनी पाइयौ।।''

''करम धरम पाखण्ड जो दीसहिं
तिन जम जागाती लूटै।
निरबाण कीर्तन गावहु करते का
निमख सिमरत जित छूटै।।''

गुरू ग्रंथ साहिब में कीर्तन को अमूल्य हीरा कहा गया है:–

''कीर्तन निरमोलक हीरा
आनन्द गुणी गहीरा।।''

और

''गुण गोबिन्द गावहु सब हर जन, राग रतन रसना आलाप।।
कोट जनम की त्रिसना निवरी, राम रसायण आतम ध्राप।।''

सम्पूर्ण गुरुवाणी संगीतात्मक ढंग से गुरुओं द्वारा गाई गई है। गुरुओं के समय शबद गायन करते समय तंती साज़ों का प्रयोग किया जाता था। प्रथम गुरू श्री गुरू नानक देव जी के साथी भाई मरदाना रबाब पर गुरू जी की संगति करते थे। गुरू अर्जुन देव जी सारिंदा का प्रयोग करते थे और गुरू गोबिन्द सिंह जी ताऊस का । इन सभी गुरुओं के समय गुरुवाणी का कीर्तन पूर्ण सांगीतिक विधान के अनुसार होता था जिसका मुख्य उद्देश्य था परमात्मा के जुड़ना, आत्मिक आनन्द की प्राप्ति और सांसारिक कुटिलताओं से मुक्ति। गुरुवाणी का आदेश है कि वह राग ही श्रेष्ठ है जिसके गायन से मन शान्त हो जाए, ब्रह्म ज्ञान मिल जाए और प्रभु की प्राप्ति हो जाए :–

''सभना रागां विच सो भला भाई

जित वसिया मन आये।।
राग नाद सभ सच है
कीमत कहीं न जाये।।
रागै नादै बाहरा
एन्ही हुकम न बूझिया जाये।।
नानक हुकमै बूझै तिना रास होय
सतगुरु ते सोझी पाये।।''

रागों की महत्ता का वर्णन करते हुए गुरू साहिब लिखते हैं कि यदि हमारे मन में विकार है और यदि हम संगीत का प्रयोग मात्र दिखावे और मनोरंजन के लिए करते हैं तो रागों के गायन का कोई फायदा नहीं:—

'इक गावत रहे मन साद न पाये
हउमै विच गावहि बिरथा जाये।''
और
''राग नाद मन दूजै भाये
अन्तर कपट महा दुःख पाये।
धन्न सु राग सुरंगड़े
आलापत सभ तिख जाये।।''

गुरू ग्रन्थ साहिब में संगीत की विभिन्न गायन शैलियों में वाणी की रचना हुई है, जैसे शबद गायन, 'लोक गायन(मंगलाचरण के रूप में), पड़ताल गायन, पउड़ी गायन और वार गायन। इसके अतिरिक्त अनन्द साहिब के पाठ की गायन विधि भी विशेष है जिसमें इस पाठ की प्रथम पउड़ी को रामकली राग में तीनताल में निबद्ध कर गाया जाता है और फिर बाकी की पउड़ियाँ कहरवा ताल में गाई जाती हैं। इस प्रकार संगीत की महत्ता को स्पष्ट करते हुए गुरुवाणी में राग के समुचित प्रयोग का आदेश दिया गया है। अर्थात् राग अपने आप में तब तक प्रभावशाली नहीं हो सकता जब तक कि उसका उचित प्रयोग न किया जाए। जब सच्चे मन से आध्यात्मिक भावों की अभिव्यक्ति राग द्वारा संगीतमय ढंग से होती है तो निःसंदेह यह प्रभावशाली बन जाता है। भक्ति के लिए संगीत को सहायक रूप में स्वीकारा गया है। लेकिन संगीत का अनुचित प्रयोग पथ भ्रष्ट भी कर सकता है। इसलिये आवश्यकता है मन की एकाग्रता और निर्मलता की ताकि संगीतमय गुरुवाणी कीर्तन करके परमानन्द की प्राप्ति का मार्ग खोजा जाये। इसीलिये गुरू साहिबान ने गुरुवाणी कीर्तन की परम्परा चलाई जो हिन्दुस्तानी संगीत के उन पक्षों को बिल्कुल नहीं अपनाती जो मानव मन में चंचलता पैदा करके उसे परमार्थ के मार्ग पर चलने से रोकते हैं अथवा विघ्न डालते हैं । इसीलिये श्री गुरू ग्रंथ साहिब में संकलित राग भी ऐसे हैं जो अपने शुद्ध रूप और शान्तमयी प्रभाव के कारण भक्ति भाव के लिये उपयोगी हैं। उत्तरी हिन्दुस्तानी संगीत तो मुस्लिम प्रभावों के कारण कलात्मकता की ओर झुक गया लेकिन ऐसे समय में भक्ति आन्दोलन के प्रमुख सदस्य श्री गुरू नानक देव जी ने विशुद्ध रागों में वाणी की रचना की और उसका प्रचार कर संगीत को उच्च स्थान प्रदान किया।

Arya College, Pathankot.

# ਰਾਗ ਮਾਝ ਇੱਕ ਅਧਿਐਨ

ਡਾ. ਰਾਜੇਸ਼ ਸ਼ਰਮਾ

ਰਾਗ ਭਾਰਤੀ ਸੰਗੀਤ ਦਾ ਆਧਾਰਭੂਤ ਤੱਤ ਹੈ। ਇਸ ਵਿੱਚ ਮਨੁੱਖੀ ਮਨ ਨੂੰ ਅਨੰਦ ਦੀ ਚਰਮ-ਅਵਸਥਾ ਤੱਕ ਪਹੁੰਚਾਉਣ ਅਤੇ ਪਰਮਾਤਮਾ ਨਾਲ ਮਿਲਾਪ ਕਰਨ ਦੀ ਅਥਾਹ ਸ਼ਕਤੀ ਵਿਦਮਾਨ ਹੈ। ਇਸੇ ਲਈ ਭਾਰਤੀ ਸ਼ਾਸਤਰੀ ਸੰਗੀਤ ਤੋਂ ਇਲਾਵਾ ਅਧਿਆਤਮਕ ਸੰਗੀਤ ਦੀਆਂ ਵੱਖ-ਵੱਖ ਪਰੰਪਰਾਵਾਂ ਦੇ ਸਮੂਹ ਰਿਸ਼ੀਆਂ ਮੁਨੀਆਂ, ਸੰਤਾਂ ਭਗਤਾਂ, ਗੁਰੂਆਂ-ਪੀਰਾਂ ਨੇ ਇਸ ਦੀਆਂ ਮਧੁਰ ਸੁਰਾਵਲੀਆਂ ਵਿੱਚ ਆਪਣੀ ਬਾਣੀ ਦੀ ਰਚਨਾ ਕੀਤੀ। ਸਿੱਖ ਧਰਮ ਵਿੱਚ ਰਾਗ ਦੀ ਇਸੇ ਨਾਦਾਤਮਕ ਸ਼ਕਤੀ ਨੂੰ ਸਵੀਕਾਰਦੇ ਹੋਏ ਗੁਰੂ ਸਾਹਿਬਾਨ ਨੇ ਭਾਰਤੀ ਸ਼ਾਸਤਰੀ ਸੰਗੀਤ ਵਿੱਚ ਪ੍ਰਚਲਿਤ ਸਨਾਤਨੀ ਰਾਗਾਂ ਤੋਂ ਇਲਾਵਾ ਵੱਖ-ਵੱਖ ਇਲਾਕਿਆਂ ਵਿੱਚ ਪ੍ਰਚਲਿਤ ਲੋਕ ਧੁਨਾਂ ਤੋਂ ਕੁੱਝ ਨਵੀਨ ਰਾਗਾਂ ਦੀ ਰਚਨਾ ਕਰਕੇ ਆਪਣੀ ਬਾਣੀ ਲਈ ਵਰਤਿਆ ਜਿਹਨਾਂ ਵਿੱਚੋਂ ਮਾਝ ਰਾਗ ਵੀ ਇੱਕ ਹੈ।

ਰਾਗ ਮਾਝ ਦਾ ਵਰਣਨ ਭਾਰਤੀ ਸੰਗੀਤ ਦੇ ਪ੍ਰਾਚੀਨ ਤੇ ਮੱਧਕਾਲੀਨ ਸੰਗੀਤਕ ਗ੍ਰੰਥਾਂ ਅਤੇ ਰਾਗ ਰਾਗਣੀ ਪਰੰਪਰਾ ਨੂੰ ਮੰਨਣ ਵਾਲੇ ਸ਼ਿਵ-ਮੱਤ, ਹਨੂੰ ਮੱਤ, ਰਾਗਾਰਣਵ ਆਦਿ ਕਿਸੇ ਵੀ ਮੱਤ ਵਿੱਚ ਇਸ ਦਾ ਜ਼ਿਕਰ ਨਹੀਂ ਮਿਲਦਾ। ਗੁਰਮਤਿ ਸੰਗੀਤ ਦੇ ਪ੍ਰੋੜ ਵਿਦਵਾਨ ਪ੍ਰੋ: ਕਰਤਾਰ ਸਿੰਘ ਅਨੁਸਾਰ, "ਕੁੱਝ ਸਿਆਣੇ ਬਜ਼ੁਰਗ ਮਾਝ ਖਮਾਜ ਰਾਗ ਦਾ ਜ਼ਿਕਰ ਤਾਂ ਕਰਦੇ ਹਨ ਪਰੰਤੂ ਉਸ ਦਾ ਕੋਈ ਠੀਕ ਸਬੂਤ ਨਹੀਂ ਮਿਲਦਾ"। ਗੁਰਮਤਿ ਸੰਗੀਤ ਦੇ ਸਿਧਾਂਤਕ ਪੱਖ 'ਤੇ ਵਿਦਵਾਨਾਂ ਦੁਆਰਾ ਕੀਤੀ ਖੋਜ ਤੋਂ ਇਹ ਸਿੱਟਾ ਨਿਕਲਿਆ ਹੈ ਕਿ ਇਸ ਰਾਗ ਨੂੰ ਸਰਵਪ੍ਰਥਮ ਗੁਰੂ ਨਾਨਕ ਦੇਵ ਜੀ ਨੇ ਭਾਰਤੀ ਸੰਗੀਤ ਦੀ ਝੋਲੀ ਪਾਇਆ। ਇਸ ਸੰਬੰਧੀ ਨਰੈਂਦਰ ਸਿੰਘ ਵਿਰਦੀ ਲਿਖਦੇ ਹਨ, "ਰਾਗ ਮਾਝ ਅਤੇ ਆਸਾ ਸੰਗੀਤ ਜਗਤ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦੇਣ ਹੈ"।

ਮਾਝ ਰਾਗ ਦੇ ਨਾਮਕਰਣ ਸੰਬੰਧੀ ਵਿਦਵਾਨਾਂ ਦਾ ਮੱਤ ਹੈ ਕਿ "ਇਹ ਰਾਗ ਪੰਜਾਬ ਦੇ ਮਾਝੇ ਦੇ ਇਲਾਕੇ ਦੀ ਲੋਕ ਧੁਨ ਤੋਂ ਵਿਕਸਿਤ ਹੋਇਆ ਹੈ"। ਇਸ ਕਰਕੇ ਇਸ ਦਾ ਨਾਮ 'ਮਾਝ' ਪਿਆ ਹੈ। ਡਾ. ਭਗਤ ਸਿੰਘ ਅਨੁਸਾਰ, "ਬਿਆਸ ਅਤੇ ਰਾਵੀ ਦੇ ਵਿਚਕਾਰਲੇ ਇਲਾਕੇ ਨੂੰ ਦੋਆਬ-ਬਾਰੀ ਕਹਿੰਦੇ ਹਨ। ਇਹ ਪੰਜਾਬ ਦੇ ਮੱਧ ਵਿੱਚ ਹੋਣ ਕਰਕੇ ਇਸ ਨੂੰ ਮਾਝਾ ਵੀ ਕਿਹਾ ਜਾਂਦਾ ਹੈ ਅਤੇ ਇਥੋਂ ਦੇ ਵਸਨੀਕਾਂ ਨੂੰ ਮਝੈਲ ਕਹਿੰਦੇ ਹਨ"। ਗੁਰੂ ਨਾਨਕ ਦੇਵ ਜੀ ਨੇ ਪੰਜਾਬ ਦੀ ਭੂਗੋਲਿਕ ਪ੍ਰਸਥਿਤੀ ਅਨੁਸਾਰ ਮਾਝੇ ਦੇ ਇਲਾਕੇ ਵਿੱਚ ਪ੍ਰਚਲਿਤ ਲੋਕ ਧੁਨ ਦੀਆਂ ਸੁਰਾਂ ਨੂੰ ਸ਼ਾਸਤਰ ਦੇ ਨਿਯਮਾਂ ਵਿੱਚ ਪਰੋਇਆ ਅਤੇ ਨਾਲ ਹੀ ਲੋਕ ਕਾਵਿ ਰੂਪ 'ਵਾਰ' ਵਿੱਚ ਬਾਣੀ ਰਚਨਾ ਕੀਤੀ ਜਿਸਨੂੰ ਉਸ ਸਮੇਂ ਦੀ ਪ੍ਰਚਲਿਤ ਧੁਨ 'ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ' ਉਪਰ ਗਾਇਨ ਕਰਨ ਦਾ ਆਦੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਿਰਲੇਖ ਰੂਪ ਵਿੱਚ ਅੰਕਿਤ ਕੀਤਾ। ਇਸੇ ਕਰਕੇ ਹੀ ਮਾਝੇ ਇਲਾਕੇ ਨਾਲ ਸੰਬੰਧਿਤ ਕਰਕੇ ਇਸ ਰਾਗ ਦਾ ਨਾਮ ਮਾਝ ਪਿਆ ਮੰਨਿਆ ਜਾਂਦਾ ਹੈ।

ਸਿੱਖ ਧਰਮ ਦੇ ਆਧਾਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗਾਤਮਕ ਸੰਪਾਦਨਾ ਸਮੇਂ ਗੁਰੂ ਅਰਜਨ ਦੇਵ ਜੀ ਨੇ ਮਾਝ ਰਾਗ ਨੂੰ ਦੂਜੇ ਨੰਬਰ 'ਤੇ ਪੰਨਾ ੯੪ ਤੋਂ ੧੫੦ ਤੇ ਅੰਕਿਤ ਕੀਤਾ। ਮਾਝ ਰਾਗ ਇੱਕ ਪ੍ਰਾਂਤਕ ਰਾਗ ਹੋਣ ਕਰਕੇ ਇਸ ਵਿੱਚ ਕਿਸੇ ਹੋਰ ਪ੍ਰਾਂਤ ਨਾਲ ਸੰਬੰਧਿਤ ਸੰਤਾਂ-ਭਗਤਾਂ ਦੀ ਬਾਣੀ ਨਹੀਂ ਮਿਲਦੀ। ਇਸ ਵਿੱਚ ਕੇਵਲ ਗੁਰੂ ਸਾਹਿਬਾਨ ਦੁਆਰਾ ਰਚਿਤ ਬਾਣੀ ਹੀ ਮਿਲਦੀ ਹੈ। ਇਸ ਰਾਗ ਵਿਚ ਗੁਰੂ ਨਾਨਕ ਦੇਵ ਜੀ ਦੀ ਅਸ਼ਟਪਦੀ ਤੇ ਵਾਰ, ਗੁਰੂ ਅੰਗਦ ਦੇਵ ਜੀ ਦੇ ਸਲੋਕ, ਗੁਰੂ ਅਮਰਦਾਸ ਜੀ ਦੀਆਂ ਅਸ਼ਟਪਦੀਆਂ, ਗੁਰੂ ਰਾਮਦਾਸ ਜੀ ਦੇ ਸ਼ਬਦ ਤੇ ਅਸ਼ਟਪਦੀਆਂ ਅਤੇ ਗੁਰੂ ਅਰਜਨ ਦੇਵ ਜੀ ਦੇ ਸ਼ਬਦ, ਅਸ਼ਟਪਦੀ, ਬਾਰਾਮਾਹ, ਦਿਨ ਰੈਣਿ ਦੀ ਰਚਨਾ ਮਿਲਦੀ ਹੈ।

ਰਾਗ ਮਾਝ ਵਿਚ ਰਚਿਤ ਬਾਣੀ ਵਿੱਚ ਗੁਰੂ ਸਾਹਿਬਾਨ ਨੇ ਜਿੱਥੇ ਪੰਜਾਬ ਦੀ ਰਾਜਸੀ ਤੇ ਸਮਾਜਿਕ ਅਵਸਥਾ ਦਾ ਜ਼ਿਕਰ ਕੀਤਾ ਹੈ, ਉਥੇ ਜੀਵ-ਆਤਮਾ ਤੇ ਪਰਮਾਤਮਾ ਦੇ ਵਿਛੋੜੇ ਕਾਰਨ ਪੈਦਾ ਹੋਏ ਦੁੱਖ ਨੂੰ ਦੂਰ ਕਰਨ ਲਈ ਸਮੇਂ ਦੀ ਛੋਟੀ ਤੋਂ ਛੋਟੀ

ਇਕਾਈ ਨੂੰ ਪਰਮਾਤਮਾ ਦੇ ਸਿਮਰਨ ਵਿੱਚ ਬਿਤਾਉਣ ਦਾ ਉਪਦੇਸ਼ ਕੀਤਾ ਹੈ। ਇਸ ਦੇ ਨਾਲ ਹੀ ਗੁਰਮੁਖਾਂ ਦੀ ਵਡਿਆਈ, ਗੁਰਬਾਣੀ ਤੇ ਨਾਮ ਦੀ ਮਹਿਮਾ, ਪਰਮਾਤਮਾ ਦੀ ਸਿਫ਼ਤ-ਸਲਾਹ ਆਦਿ ਜਿਹੇ ਵਿਸ਼ਿਆਂ ਨੂੰ ਬਾਣੀ ਰਚਨਾ ਦਾ ਆਧਾਰ ਬਣਾਇਆ ਹੈ।

ਮਾਝ ਰਾਗ ਦੇ ਸਰੂਪਗਤ ਅਧਿਐਨ 'ਤੇ ਵਿਚਾਰ ਕਰਦਿਆਂ ਗੁਰਮਤਿ ਸੰਗੀਤ ਦੇ ਵੱਖ-ਵੱਖ ਵਿਦਵਾਨਾਂ, ਕੀਰਤਨਕਾਰਾਂ ਤੇ ਸੰਗੀਤ ਖੋਜੀਆਂ ਦੁਆਰਾ ਇਸਦੇ ਕਈ ਸਰੂਪ ਨਿਰਧਾਰਿਤ ਕੀਤੇ ਮਿਲਦੇ ਹਨ, ਜਿਹਨਾਂ ਨੂੰ ਬਿਲਾਵਲ, ਕਾਫ਼ੀ ਤੇ ਖਮਾਜ ਥਾਟ ਅਧੀਨ ਰੱਖਿਆ ਗਿਆ ਹੈ। ਇਹਨਾਂ ਸਾਰੇ ਸਰੂਪਾਂ ਵਿੱਚ ਜਿੱਥੇ ਸਿਧਾਂਤਕ ਤੇ ਕਿਰਿਅਤਮਕ ਪੱਖ 'ਤੇ ਕੁਝ ਸਮਾਨਤਾਵਾਂ ਮਿਲਦੀਆਂ ਹਨ, ਉੱਥੇ ਕੁਝ ਵਖਰੇਵਾਂ ਵੀ ਮਿਲਦਾ ਹੈ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਇਕ ਰਾਗ ਜੋ ਸੰਪੂਰਣ ਜਾਤਿ ਦਾ ਹੈ, ਇਸ ਵਿੱਚ ਮਧਮ, ਪੰਚਮ ਅਤੇ ਧੈਵਤ ਸ਼ੁੱਧ, ਗਾਂਧਾਰ ਅਤੇ ਨਿਸ਼ਾਦ ਦੋਵੇਂ ਸ਼ੁੱਧ ਅਤੇ ਕੋਮਲ ਲੱਗਦੇ ਹਨ, ਗ੍ਰਹਿ ਸੁਰ ਅਤੇ ਵਾਦੀ ਸ਼ੜਜ, ਸੰਵਾਦੀ ਰਿਸ਼ਭ ਅਤੇ ਅਨੁਵਾਦੀ ਗਾਂਧਾਰ ਹੈ, ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਿਰ ਹੈ"। ਗੁਰਮਤ ਸੰਗੀਤ ਦੇ ਮਹਾਨ ਖੋਜੀ ਭਾਈ ਵੀਰ ਸਿੰਘ ਮਾਝ ਰਾਗ ਸੰਬੰਧੀ ਲਿਖਦੇ ਹਨ, "ਇਹ ਰਾਗ ਗੁਰਮਤ ਸੰਗੀਤ ਅਨੁਸਾਰ ਭਿੰਨ ਰਾਗਣੀ ਹੋਣ ਤੇ ਦੇਸੀ ਸੰਕੀਰਣ ਹੈ, ਸਿਰੀ ਰਾਗ, ਮੱਧ ਮਾਧਵੀ ਤੇ ਮਲਾਰ ਮਿਲੇ ਤੇ ਬਣੀ ਹੈ। ਹੋਰ ਕਿਸੇ ਮਤ ਪਰਿਵਾਰ ਵਿਚ ਨਹੀਂ ਹੈ"। ਮਾਸਟਰ ਪ੍ਰੇਮ ਸਿੰਘ ਅਨੁਸਾਰ ਇਹ ਰਾਗ ਸਾਰੰਗ, ਧਨਾਸਰੀ, ਬਿਲਾਵਲ ਅਤੇ ਸੋਰਠਿ ਚਾਰ ਰਾਗਾਂ ਦੇ ਮਿਸ਼ਰਣ ਤੋਂ ਬਨਿਆ ਹੈ। ਇਸ ਪ੍ਰਥਾਇ ਉਹਨਾਂ ਦਾ ਇਕ ਸਲੋਕ ਹੈ:

"ਸਾਰੰਗ ਔਰ ਧਨਾਸਰੀ ਬਿਲਾਵਲ ਸੋਰਠਿ ਚਾਰ।

ਇਨ ਤੇ ਪੈਦਾ ਹੋਤ ਹੈ ਮਾਝ ਕਹਿਤ ਸੁਰ ਤਾਰ"॥

ਇਸ ਦੇ ਨਾਲ ਹੀ ਮਾਝ ਰਾਗ ਦਾ ਸਰੂਪ ਵੀ ਨਿਰਧਾਰਤ ਕਰਦੇ ਹੋਏ ਲਿਖਦੇ ਹਨ। "ਇਸ ਵਿਚ ਦੋਨੋ ਗ, ਨੀ ਬਾਕੀ ਸ਼ੁੱਧ, ਸੰਵਾਦੀ ਰੇ, ਗੁਰ ਸਵਰ ਖਰਜ, ਜਾਤੀ ਵਕਰ-ਸੰਪੂਰਨ, ਸਮਾਂ ਚੌਥਾ ਪਹਿਰ (ਪਿਛਲ ਪਹਿਰ) ਆਰੋਹ:- ਸ ਰੇ ਗ ਮ ਪ ਧ, ਮ ਪ ਨੀ ਸਂ ਅਵਰੋਹ: ਸਂ ਨ਼ੀ ਪ ਧ ਮ ਗ ਰੇ ਗ ਮ ਪ ਧ ਗੁ ਰੇ ਸ"। ਡਾਕਟਰ ਚਰਨ ਸਿੰਘ ਨੇ ਇਸ ਰਾਗ ਦੀ ਰਚਨਾ ਸੋਰਠ, ਬਿਲਾਵਲ, ਸਾਰੰਗ, ਧਨਾਸਰੀ ਅਤੇ ਨਟ ਰਾਗਾਂ ਦੇ ਮੇਲ ਤੋਂ ਮੰਨੀ ਹੈ।

ਪ੍ਰੋ: ਤਾਰਾ ਸਿੰਘ ਆਪਣੀ ਪੁਸਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ ਵਿੱਚ ਲਿਖਦੇ ਹਨ, "ਮਾਝ ਰਾਗ ਦੇ ਤਿੰਨ ਪ੍ਰਕਾਰ ਪ੍ਰਚਾਰ ਵਿੱਚ ਰਹੇ ਹਨ- ਇੱਕ ਬਿਲਾਵਲ ਅੰਗ ਦਾ, ਦੂਜਾ ਖਮਾਜ ਅੰਗ ਦਾ ਅਤੇ ਤੀਜਾ ਕਾਫ਼ੀ ਅੰਗ ਦਾ। ਇਸਦੇ ਪਹਿਲੇ ਪ੍ਰਕਾਰ ਦਾ ਗਾਇਨ ਦੇ ਵਿਭਿੰਨ ਘਰਾਣਿਆਂ ਵਿਚ ਕੇਵਲ ਗਵਾਲੀਅਰ ਘਰਾਣੇ ਵਿੱਚ ਪ੍ਰਚਾਰ ਵਿੱਚ ਰਿਹਾ ਹੈ ਅਤੇ ਦੂਜੇ ਦੋਹਾਂ ਪ੍ਰਕਾਰਾਂ ਦਾ ਸਰੂਪ ਸਿੱਖ ਕੀਰਤਨਕਾਰਾਂ ਨੇ ਸੁਰੱਖਿਅਤ ਰੱਖਣ ਵਿੱਚ ਯੋਗਦਾਨ ਦਿੱਤਾ ਹੈ"। ਪ੍ਰੋ. ਤਾਰਾ ਸਿੰਘ ਜੀ ਮਾਝ ਰਾਗ ਨੂੰ ਕਾਫ਼ੀ ਥਾਟ ਦੇ ਅੰਤਰਗਤ ਨਿਰਧਾਰਿਤ ਕਰਦੇ ਹੋਏ ਲਿਖਦੇ ਹਨ, "ਇਸ ਰਾਗ ਵਿਚ ਦੇਸੀ, ਦੇਸ, ਸਾਰੰਗ, ਤਿਲਕ-ਕਾਮੋਦ, ਕਾਫ਼ੀ, ਜੈਜੈਵੰਤੀ, ਮਾਲ ਗੁੰਜੀ, ਮਲ੍ਹਾਰ ਆਦਿ ਰਾਗਾਂ ਦੀ ਰੰਗਤ ਦ੍ਰਿਸ਼ਟੀ ਗੋਚਰ ਹੁੰਦੀ ਹੈ, ਇਸ ਰਾਗ ਦੇ ਸਰੂਪ ਨੂੰ ਸਾਕਾਰ ਕਰਨ ਲਈ 'ਰੇ ਪ' ਸੁਰ ਸੰਗਤੀ ਬੜਾ ਮਹੱਤਵਪੂਰਨ ਕਾਰਜ ਕਰਦੀ ਹੈ। ਇਸ ਦੇ ਆਰੋਹ ਅਵਰੋਹ ਅਤੇ ਮੁੱਖ ਅੰਗ ਦਾ ਘੋਖਵਾਂ ਅਧਿਐਨ ਕਰਨ ਤੋਂ ਇਹ ਰਾਗ ਆਪਣੇ ਸਮਪ੍ਰਕ੍ਰਿਤਕ ਰਾਗਾਂ ਨਾਲੋਂ ਸੁਭਾਵਿਕ ਹੀ ਵੱਖ ਹੋ ਜਾਂਦਾ ਹੈ"।

ਵੱਖ-ਵੱਖ ਵਿਦਵਾਨਾਂ ਵਲੋਂ ਮਾਝ ਰਾਗ ਦੇ ਸਰੂਪ ਸੰਬੰਧੀ ਕੀਤੀ ਖੋਜ ਤੋਂ ਇੱਕਤਰ ਕੀਤੇ ਸੰਪੂਰਨ ਵਿਵਰਣ ਨਿਮਨਲਿਖਤ ਅਨੁਸਾਰ ਹੈ:-

੧. ਇਹ ਰਾਗ ਬਿਲਾਵਲ ਥਾਟ ਤੋਂ ਨਿਕਲਦਾ ਹੈ। ਇਸ ਵਿਚ ਪਹਾੜੀ ਤੇ ਆਸਾ ਰਾਗ ਦੀ ਛਾਇਆ ਅਲੱਗ-ਅਲੱਗ ਸੁਰਾਂ 'ਤੇ ਠਹਿਰਾਵ ਨਾਲ ਦਿਖਾਈ ਜਾਂਦੀ ਹੈ ਅਤੇ ਇਹ ਸ਼ੂਦਰ ਪ੍ਰਕਿਰਤੀ ਦਾ ਰਾਗ ਹੈ।
ਆਰੋਹ ਸ ਗ ਰੇ ਮ ਗ ਪ ਮ ਧ ਪ ਨੀ ਧ ਸਂ
ਅਵਰੋਹ ਸਂ ਧ ਨੀ ਪ ਧ ਮ ਪ ਗ ਮ ਸ

ਪਕੜ ਮ ਪ ਧ ਪ ਮ ਗ ਰੇ, ਸ ਰੇ ਗ ਸ

ਵਾਦੀ ਮ, ਸੰਵਾਦੀ ਸ, ਵਰਜਿਤ ਸੁਰ ਗ, ਨੀ,

ਥਾਟ ਬਿਲਾਵਲ, ਜਾਤੀ ਔੜਵ ਸੰਪੂਰਨ ਸਮਾਂ ਰਾਤ ਦਾ ਪਹਿਲਾ ਪਹਿਰ।

੨. ਥਾਟ ਬਿਲਾਵਲ, ਜਾਤੀ ਸ਼ਾੜਵ ਸੰਪੂਰਨ, ਵਾਦੀ ਮ

ਸੰਵਾਦੀ ਸ, ਵਰਜਿਤ ਸੁਰ ਆਰੋਹ ਵਿਚ ਰਿਸ਼ਭ

ਸਮਾਂ ਦਿਨ ਦਾ ਚੌਥਾ ਪਹਿਰ।

ਆਰੋਹ ਸ ਗ, ਮ, ਮ ਪ, ਗ, ਗ ਮ ਧ ਨੀ ਸਂ

ਅਵਰੋਹ ਸਂ, ਨੀ ਧ, ਪ ਮ, ਗ, ਪਮ ਗ, ਰੇ ਸ, ਰੇ ਸ

ਮੁੱਖ ਅੰਗ ਸ ਗ ਮ, ਪ ਮ ਪ ਗ, ਧ ਮ ਗ, ਰੇ ਸ, ਰੇ ਸ।

੩. ਥਾਟ ਖਮਾਜ, ਵਾਦੀ ਸ, ਸੰਵਾਦੀ ਪ

ਜਾਤੀ ਸ਼ਾੜਵ ਸੰਪੂਰਨ, ਵਰਜਿਤ ਸੁਰ ਆਰੋਹ ਵਿਚ ਰੇ

ਸੁਰ ਦੋਵੇ ਨਿਸ਼ਾਦ ਸਮਾਂ ਦਿਨ ਦਾ ਚੌਥਾ ਪਹਿਰ

ਆਰੋਹ ਸ ਗ, ਮ ਪ, ਧ ਨੁੀ ਧ ਪ, ਮ ਪ ਨੀ ਸਂ

ਅਵਰੋਹ ਸਂ ਨੁੀ ਧ ਪ, ਧ ਨੁੀ ਧ ਪ, ਮ ਪ ਧ ਮ ਗ ਰੇ ਸ।

ਮੁੱਖ ਅੰਗ ਸ ਗ ਮ ਪ, ਮ ਗ, ਰੇ ਸ ਨ਼ੀ, ਪ਼ ਨੁੀ, ਸ ਗ ਰੇ ਸ।

੪. ਥਾਟ ਖਮਾਜ, ਵਾਦੀ ਸ, ਸੰਵਾਦੀ ਪ, ਸਮਾਂ

ਦਿਨ ਦਾ ਚੌਥਾ ਪਹਿਰ, ਜਾਤੀ ਖੌੜਵ ਸੰਪੂਰਨ

ਆਰੋਹ:- ਸ ਰੇ ਮ ਪ ਧ ਨੀ ਸਂ/ ਸ ਰੇ ਗ ਮ ਪ ਨੀ ਸਂ

ਅਵਰੋਹ:- ਸਂ ਨੁੀ ਧ ਪ, ਧ ਨੁੀ ਧ, ਮ ਗ ਰੇ ਸ

ਨੋਟ:- ਇਹ ੨ ਪ੍ਰਕਾਰ ਨਾਲ ਗਾਇਆ ਜਾਂਦਾ ਹੈ। ਆਰੋਹੀ ਵਿੱਚ ਜੇਕਰ ਗੰਧਾਰ ਲਗੇ ਤਾਂ ਧੈਵਤ ਨਹੀਂ ਲੱਗਣੀ, ਜਿੱਥੇ ਧੈਵਤ ਲਗੇਗੀ ਉੱਥੇ ਗੰਧਾਰ ਨਹੀਂ ਲਗਣੀ। ਇਹ ਮੰਦਰ, ਮੱਧ ਤੇ ਤਾਰ ਸਪਤਕ ਵਿੱਚ ਗਾਇਆ ਜਾਂਦਾ ਹੈ। ਕਈ ਇਸ ਨੂੰ ਮੱਧ ਤੇ ਤਾਰ ਵਿੱਚ ਗਾਉਂਦੇ ਹਨ"।੫. ਥਾਟ ਖਮਾਜ ਸਵਰ ਦੋਵੇਂ ਨਿਸ਼ਾਦ ਬਾਕੀ ਸ਼ੁੱਧ,

ਜਾਤੀ ਵਕਰ ਸੰਪੂਰਨ, ਵਾਦੀ-ਗੰਧਾਰ, ਸੰਵਾਦੀ-ਨਿਸ਼ਾਦ,

ਗਾਇਨ ਸਮਾਂ ਰਾਤ ਦਾ ਦੂਜਾ ਪਹਿਰ।

ਆਰੋਹ ਸ, ਗ ਮ ਪ, ਗ ਮ ਰੇ, ਮ ਪ, ਧ ਨੁੀ, ਧ ਨੀ ਸਂ

**Now you can read Amrit Kirtan**
**& Download Kirtan of Dr. Jagir Singh from**
**www.amritkirtan.com**

**Send this information to your friends**

ਅਵਰੋਹ ਸਂ ਨ਼ੀ ਧ ਮ, ਪ ਗ ਮ ਰੇ, ਸ ਨ਼ੀ ਸ ਧ਼ ਨ਼ੀ ਰੇ, ਗ ਮ ਰੇ ਸ।

੬. ਥਾਟ ਕਾਫ਼ੀ, ਜਾਤੀ ਔਢਵ- ਸੰਪੂਰਨ, ਸਵਰ ਦੋਨੋਂ ਗੰਧਾਰ - ਨਿਸ਼ਾਦ

ਆਰੋਹ ਸ ਰੇ ਮ ਪ ਨੀ ਸਂ

ਅਵਰੋਹ ਸਂ ਨ਼ੀ ਧ ਪ, ਸਂ ਪ, ਗ ਮ ਗੁ ਰੇ ਸ

ਇਸ ਵਿਚ ਕੋਮਲ ਗੰਧਾਰ ਦਾ ਪ੍ਰਯੋਗ ਵਧੇਰੇ ਹੁੰਦਾ ਹੈ ਅਤੇ ਧੈਵਤ ਵਕ੍ਰ ਲੱਗਦਾ ਹੈ।

ਗੁਰਮਤਿ ਸੰਗੀਤ ਦੇ ਵੱਖ-ਵੱਖ ਵਿਦਵਾਨਾਂ ਵੱਲੋਂ ਭਾਵੇਂ ਮਾਝ ਰਾਗ ਦੇ ਭਿੰਨ-ਭਿੰਨ ਸਰੂਪ ਨਿਰਧਾਰਿਤ ਕੀਤੇ ਗਏ ਹਨ ਪਰੰਤੂ ਖਮਾਜ ਥਾਟ ਅਧੀਨ ਇਸਦੇ ਨਿਮਨਲਿਖਤ ਸਰੂਪ ਨੂੰ ਪ੍ਰੋ. ਕਰਤਾਰ ਸਿੰਘ ਗਿਆਨ ਸਿੰਘ ਐਬਟਾਬਾਦ, ਹਰਬੰਸ ਸਿੰਘ ਗਿਆਨੀ, ਸੁਖਵੰਤ ਸਿੰਘ ਜਵੱਦੀ ਟਕਸਾਲ, ਅਤੇ ਇਸੇ ਹੀ ਸਰੂਪ ਨੂੰ ਕਾਫ਼ੀ ਥਾਟ ਅਧੀਨ ਪ੍ਰੋ. ਤਾਰਾ ਸਿੰਘ, ਡਾ. ਗੁਰਨਾਮ ਸਿੰਘ ਨੇ ਸਰਵਸੰਮਤੀ ਨਾਲ ਇਸ ਪ੍ਰਕਾਰ ਪ੍ਰਵਾਨਿਆ ਹੈ:

੭. ਥਾਟ ਖਮਾਜ, ਵਾਦੀ ਰੇ, ਸੰਵਾਦੀ ਪ, ਵਰਜਿਤ ਸੁਰ-ਆਰੋਹ ਵਿਚ ਗ ਧ, ਜਾਤੀ ਔੜਵ- ਸੰਪੂਰਨ

ਸਮਾਂ ਦਿਨ ਦਾ ਚੌਥਾ ਪਹਿਰ

ਆਰੋਹ ਸ ਰੇ, ਮ ਪ, ਨੀ ਸਂ

ਅਵਰੋਹ ਸਂ ਨ਼ੀ ਧ ਪ, ਧ ਮ ਗ ਮ, ਰੇ ਪ, ਮਗੁ ਰੇ ਗੁ ਸ ਰੇ ਨ਼ੀ ਸ।

ਪਕੜ ਪ, ਧ ਮ ਗ ਮ ਰੇ ਪ, ਗੁ, ਰੇ ਗੁ ਸ ਰੇ, ਨ਼ੀ ਸ

ਸਵਰ ਵਿਸਥਾਰ:- ਸ, ਸ ਰੇ ਸ, ਰੇ ਮ ਪ, ਮ ਗ ਮ, ਰੇ ਪ, ਪ ਮ ਪ, ਧ ਮ ਗ ਮ, ਰੇ ਪ, ਮ ਪ ਨ਼ੀ ਧ ਪ, ਮ ਪ ਨੀ ਸਂ, ਰੇਂ ਸਂ, ਨ਼ੀ ਧ ਪ, ਧ ਮ ਗ ਮ, ਰੇ ਪ ਗੁ ਰੇ, ਪ ਧ ਮ ਗ ਮ ਰੇ, ਪ ਗੁ ਰੇ ਗੁ ਸ ਰੇ ਨ਼ੀ ਸ।

ਹਵਾਲੇ ਤੇ ਪਦ ਟਿਪਣੀਆਂ


ਕਰਤਾਰ ਸਿੰਘ (ਪ੍ਰੋ:) ਗੁਰਮਤਿ ਸੰਗੀਤ ਦਰਪਣ (ਭਾਗ ਪਹਿਲਾ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਸਤੰਬਰ ੨੦੦੭, ਪੰਨਾ ੩੨.
ਵਿਰਦੀ ਨਰੈਂਦਰ ਸਿੰਘ ਸੰਗੀਤ ਅਤੇ ਉਹਦੀ ਗੁਰਬਾਣੀ ਵਿੱਚ ਮਹਾਨਤਾ, ਮਾਡਰਨ ਸਾਹਿਤ ਅਕੈਡਮੀ, ਅੰਮ੍ਰਿਤਸਰ. ਪੰਨਾ ੩੭
ਗੁਰਨਾਮ ਸਿੰਘ (ਡਾ.) ਆਦਿ ਗ੍ਰੰਥ ਰਾਗ ਕੋਸ਼, ਪਵਿੱਤਰ ਪ੍ਰਮਾਣਿਕ ਪ੍ਰਕਾਸ਼ਨ ਪਟਿਆਲਾ, ਪੰਨਾ ੨੯.
ਭਗਤ ਸਿੰਘ (ਡਾ.) ਪੰਜਾਬ ਦਾ ਇਤਿਹਾਸ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੋਰਡ ਚੰਡੀਗੜ, ੧੯੮੩, ਪੰਨਾ ੩.
ਸ੍ਰੀ ਗੁਰੂ ਗ੍ਰੰਥ ਸਾਹਿਬ "ਵਾਰ ਮਾਝ ਕੀ ਤਥਾ ਸਲੋਕ ਮਹਲਾ੧ ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆਂ ਕੀ ਧੁਨੀ ਗਾਵਣੀ" ਪੰਨਾ ੧੩੭.
ਨਾਭਾ ਕਾਨ੍ਹ ਸਿੰਘ ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਤੀਜੀ ਵਾਰ ੧੯੭੪ ਪੰਨਾ - ੯੬੧.
ਚਰਨ ਸਿੰਘ (ਡਾ.) ਵੀਰ ਸਿੰਘ ਭਾਈ - ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ, ਚੀਫ਼ ਖਾਲਸਾ ਦੀਵਾਨ, ਦੂਜੀ ਵਾਰ ੧੯੫੮ ਪੰਨਾ ੨੪.
ਪ੍ਰੇਮ ਸਿੰਘ ਮਾਸਟਰ ਗੁਰਮਤਿ ਸੰਗੀਤ ਰਤਨ ਭੰਡਾਰ, ਚੀਫ਼ ਖਾਲਸਾ ਦੀਵਾਨ, ਅੰਮ੍ਰਿਤਸਰ, ਦੂਜੀ ਵਾਰ ੧੯੫੮, ਪੰਨਾ ੨੭.
ਉਹੀ ਪੰਨਾ ੨੭.
ਚਰਨ ਸਿੰਘ (ਡਾ.) ਵੀਰ ਸਿੰਘ ਭਾਈ - ਗੁਰਮਤਿ ਸੰਗੀਤ ਪਰ ਹੁਣ ਤੱਕ ਮਿਲੀ ਖੋਜ, ਚੀਫ਼ ਖਾਲਸਾ ਦੀਵਾਨ, ੧੯੫੮, ਪੰਨਾ ੧੯.
ਤਾਰਾ ਸਿੰਘ (ਪ੍ਰੋ:) ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, ੧੯੯੧ ਪੰਨਾ ੧੪-੧੫.
ਉਹੀ - ਪੰਨਾ ੧੫.
ਹਰਮਿੰਦਰ ਸਿੰਘ ਗੁਰਮਤਿ ਸੰਗੀਤ (ਭਾਗ ਪਹਿਲਾ), ਗੁਰਦੁਆਰਾ ਗੁਰੂ ਨਾਨਕ ਸਤਸੰਗ ਸਭਾ, ਲੁਧਿਆਣਾ, ਪੰਨਾ ੪.
ਗੁਰਨਾਮ ਸਿੰਘ (ਡਾ.) ਗੁਰਮਤਿ ਸੰਗੀਤ: ਪਰਬੰਧ ਤੇ ਪਾਸਾਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੨੦੦੦, ਪੰਨਾ ੮੩.
ਅਵਤਾਰ ਸਿੰਘ ਗੁਰਚਰਨ ਸਿੰਘ ਭਾਈ - ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ (ਭਾਗ ਪਹਿਲਾ), ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ ੧੯੭੯ ਪੰਨਾ ੨੭.
ਉਹੀ - ਪੰਨਾ ੨੭.
ਕਰਤਾਰ ਸਿੰਘ (ਪ੍ਰੋ:) - ਗੁਰਮਤਿ ਸੰਗੀਤ ਦਰਪਣ (ਭਾਗ ਪਹਿਲਾ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ੨੦੦੭, ਪੰਨਾ ੩੩.
ਅਵਤਾਰ ਸਿੰਘ ਗੁਰਚਰਨ ਸਿੰਘ ਭਾਈ - ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ, ਭਾਗ ਪਹਿਲਾ, ਪੰਨਾ ੨੩.
ਕਰਤਾਰ ਸਿੰਘ (ਪ੍ਰੋ.) ਗੁਰਮਤਿ ਸੰਗੀਤ ਦਰਪਣ (ਭਾਗ ਪਹਿਲਾ), ਸ੍ਰੋ. ਗੁ. ਪ੍ਰ. ਕਮੇਟੀ, ੨੦੦੭, ਪੰਨਾ ੩੪.
ਐਬਟਾਬਾਦ, ਗਿਆਨ ਸਿੰਘ ਗੁਰਬਾਣੀ ਸੰਗੀਤ ਭਾਗ ਪਹਿਲਾ, ਪੰਨਾ ੧੨.
ਗਿਆਨੀ, ਹਰਬੰਸ ਸਿੰਘ ਨਿਰਬਾਣ ਕੀਰਤਨ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ੧੯੭੬, ਪੰਨਾ ੨੧੩.
ਸੁਖਵੰਤ ਸਿੰਘ (ਸੰਪਾ.) ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ, ਗੁਰਦੁਆਰਾ ਗੁਰ ਗਿਆਨ ਪ੍ਰਕਾਸ਼, ਜਵੱਦੀ ਟਕਸਾਲ, ਲੁਧਿਆਣਾ, ਪੰਨਾ ੪.
ਤਾਰਾ ਸਿੰਘ (ਪ੍ਰੋ.) - ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ ੧੯੯੧, ਪੰਨਾ ੧੬.
ਗੁਰਨਾਮ ਸਿੰਘ (ਡਾ.) ਗੁਰਮਤਿ ਸੰਗੀਤ: ਪ੍ਰਬੰਧ ਤੇ ਪਾਸਾਰ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ ੮੩.

# BEAUTIFUL THOUGHTS

* We used pencils when we were small. But now we use pens because mistakes in childhood can be erased but not now.
* As long as we don't forgive people who have hurt us. They occupy a rent free space in our mind.
* No body can touch words but words do touch everybody
* Most important time to hold our temple is.....when the other person has lost it.
* Ego is like dust in the eye. Without clearing the dust, we can't see anything clearly.
* Help everyone so much that even God will wonder whether I created this creature in my heaven or is this person recreating me on the earth.
* Adjustment is always better than arguments.
* Don't get upset with jerks in life because life is like a road and problems are like speadbreakers. They save us from big Accidents.

With best compliments from a wellwisher

**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਸੁਰ ਲਿਪੀ - ਰਾਗ ਮਾਝ

ਡਾ. ਰਾਜੇਸ਼ ਸ਼ਰਮਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| 1 | | | | ੨ | | | | ੦ | | | | ੩ | | | |
| ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ | ੧੨ | ੧੩ | ੧੪ | ੧੫ | ੧੬ |
| | | | | | | | ਸਥਾਈ | | | | | ਰੇਮ | ਪਪ | ਮਪ | ਨੀਨੀ |
| ਸਂ | - | ਸਂਨੀ | ਰੇਂਸਂ | ਨੁੀ | ਧ | ਪ | ਧ | ਮ | ਗਮ | ਗੁ | ਰੇ | ਆ· | ·· | ਉ· | ਸ· |
| ਖੀ | · | ਹ· | ਰਿ· | ਮੇ | · | ਲ | ਕ | ਰੇ | ·· | ਹਾ | · | - | ਰੇਰੇ | ਰੇਪ | ਪਪ |
| ਗੁ | - | ਰੇ | - | ਗੁ | - | ਸ | ਰੇ | ਨ਼ੀ | ਨ਼ੀ | ਸ | ਸ | · | ਮੇਰੇ | ਪ੍ਰੀ· | ਤਮ |
| ਕਾ | · | ਮੈਂ | · | ਦੇ | · | ਇ | ਸ | ਨੇ | · | ਹਾ | · | | | | |
| | | | | | | | | | ਅੰਤਰਾ | | | | | | |
| | | | | | | | | | | ਮਮ | ਮਮ | ਪ | ਪ | ਨੀ | ਨੀ |
| | | | | | | | | | | ਹਰਿ | ਗੁਣ | ਪ· | ੜੀ | ਐ | · |
| ਸਂਰੇਂ | ਸਂਨੀ | ਸਂ | ਸਂ | ਨੀਸਂ | ਰੇਂਸ | ਨੁੀਧ | ਮਧ | ਪ | - | ਮਮ | ਪਪ | ਨੀ | ਸਂ | ਰੇਂ | ਪਂ |
| ਹ· | ਰਿ· | ਗੁ | ਣ | ਗੁ· | ਣੀ· | ਐ· | ·· | · | · | ਹਰਿ | ਹਰਿ | ਨਾ | · | ਮ | ਕ |
| ਗੁਂ | - | ਰੇਂ | - | ਗੁਂ | ਗੁਂ | ਸਂਰੇਂ | ਨੀ | ਸਂ | ਸਂ | ਨੀਨੀ | ਸਂਰੇਂ | ਨੁੀ | ਧ | ਨੁੀਧ | ਪ |
| ਥਾ | · | ਨਿ | ਤ | ਸੁ | ਣੀ | ਐ· | · | · | · | ਮਿਲਿ | ਸਤ | ਸੰ | · | ਗ· | ਤਿ |
| ਪ | - | ਪਧ | ਮਪ | ਗ | ਮ | ਗੁ | ਰੇ | ਰੇ | - | ਰੇ | ਰੇ | ਰੇ | ਪ | ਪ | ਪ |
| · | · | ਹਰਿ | ਗੁਣ | ਗਾ | · | ਏ | · | · | · | ਜ | ਗ | ਭ | ਉ | ਜ | ਲ |
| ਗੁ | - | ਰੇ | - | ਗੁ | - | ਸ | ਰੇ | ਨ਼ੀ | - | ਸ | - | | | | |
| ਦੁ | · | ਤ | ਰੁ | ਤ | ਰੀ | ਐ | · | ਜੀ | · | ਉ | · | | | | |

ਨੋਟ: ਬਾਕੀ ਅੰਤਰੇ ਵੀ ਉਪਰੋਕਤ ਸਵਰ ਰਚਨਾ ਅਨੁਸਾਰ ਹੀ ਗਾਏ ਜਾਣ।

ਲੈਕਚਰਾਰ, ਸੰਗੀਤ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਅੰਗ ੯੫

ਮਾਝ ਮਹਲਾ ੪ ॥

ਹਰਿ ਗੁਣ ਪੜੀਐ ਹਰਿ ਗੁਣ ਗੁਣੀਐ ॥

Read of the Lord's Glories and reflect upon the Lord's Glories.

ਹਰਿ ਹਰਿ ਨਾਮ ਕਥਾ ਨਿਤ ਸੁਣੀਐ ॥

Listen continually to the Sermon of the Naam, the Name of the Lord, Har, Har.

ਮਿਲਿ ਸਤਸੰਗਤਿ ਹਰਿ ਗੁਣ ਗਾਏ ਜਗੁ ਭਉਜਲੁ ਦੁਤਰੁ ਤਰੀਐ ਜੀਉ ॥੧॥

Joining the Sat Sangat, the True Congregation, and singing the Glorious Praises of the Lord, you shall cross over the treacherous and terrifying world-ocean. ||1||

ਆਉ ਸਖੀ ਹਰਿ ਮੇਲੁ ਕਰੇਹਾ ॥

Come, friends, let us meet our Lord.

ਮੇਰੇ ਪ੍ਰੀਤਮ ਕਾ ਮੈ ਦੇਇ ਸਨੇਹਾ ॥

Bring me a message from my Beloved.

ਮੇਰਾ ਮਿਤ੍ਰੁ ਸਖਾ ਸੋ ਪ੍ਰੀਤਮੁ ਭਾਈ ਮੈ ਦਸੇ ਹਰਿ ਨਰਹਰੀਐ ਜੀਉ ॥੨॥

He alone is a friend, companion, beloved and brother of mine, who shows me the way to the Lord, the Lord of all. ||2||

ਮੇਰੀ ਬੇਦਨ ਹਰਿ ਗੁਰੁ ਪੂਰਾ ਜਾਣੈ ॥

My illness is known only to the Lord and the Perfect Guru.

ਹਉ ਰਹਿ ਨ ਸਕਾ ਬਿਨੁ ਨਾਮ ਵਖਾਣੇ ॥

I cannot continue living without chanting the Naam.

ਮੈ ਅਉਖਧੁ ਮੰਤ੍ਰੁ ਦੀਜੈ ਗੁਰ ਪੂਰੇ ਮੈ ਹਰਿ ਹਰਿ ਨਾਮਿ ਉਧਰੀਐ ਜੀਉ ॥੩॥

So give me the medicine, the Mantra of the Perfect Guru. Through the Name of the Lord, Har, Har, I am saved. ||3||

ਹਮ ਚਾਤ੍ਰਿਕ ਦੀਨ ਸਤਿਗੁਰ ਸਰਣਾਈ ॥

I am just a poor song-bird, in the Sanctuary of the True Guru,

ਹਰਿ ਹਰਿ ਨਾਮੁ ਬੂੰਦ ਮੁਖਿ ਪਾਈ ॥

who has placed the Drop of Water, the Lord's Name, Har, Har, in my mouth.

ਹਰਿ ਜਲਨਿਧਿ ਹਮ ਜਲ ਕੇ ਮੀਨੇ ਜਨ ਨਾਨਕ ਜਲ ਬਿਨੁ ਮਰੀਐ ਜੀਉ ॥੪॥੩॥

The Lord is the Treasure of Water; I am just a fish in that water. Without this Water, servant Nanak would die. ||4||3||

# ਪ੍ਰੈਸ ਨੋਟ
## ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਗੁਰਮਤਿ ਸੰਗੀਤ ਚੇਅਰ - ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪੂਰਨ ਸੰਥਿਆ ਸਮਾਗਮ ਮਿਤੀ 15 ਜੁਲਾਈ ਨੂੰ ਗੁਰਦੁਆਰਾ ਸਾਹਿਬ, ਪੰਜਾਬੀ ਯੂਨੀਵਰਸਿਟੀ ਵਿਖੇ ਆਰੰਭ ਕੀਤਾ ਗਿਆ। ਇਸ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ, ਤਖਤ ਸ੍ਰੀ ਕੇਸਗੜ ਸਾਹਿਬ ਦੇ ਜਥੇਦਾਰ ਗਿਆਨੀ ਤਰਲੋਚਨ ਸਿੰਘ, ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਮਾਇਨਰਟੀ ਕਮਿਸ਼ਨ ਦੇ ਚੇਅਰਮੈਨ ਅਤੇ ਸਾਬਕਾ ਮੈਂਬਰ ਰਾਜ ਸਭਾ ਤਰਲੋਚਨ ਸਿੰਘ ਹਾਜ਼ਰ ਹੋਏ। ਸਮਾਗਮ ਵਿਚ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਜੀ ਨੇ ਕਿਹਾ ਕਿ ਵਰਤਮਾਨ ਸਮੇਂ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੋੜਨ ਲਈ ਡਾ. ਗੁਰਨਾਮ ਸਿੰਘ ਤੇ ਗੁਰਮਤਿ ਸੰਗੀਤ ਵਿਭਾਗ ਵਲੋਂ ਕੀਤੇ ਜਾ ਰਹੇ ਯਤਨ ਇਤਿਹਾਸਕ ਹਨ ਕਿਉਂ ਜੋ ਇਹ ਬਾਣੀ, ਬਾਣੇ ਤੇ ਗੁਰੂ ਘਰ ਦੀ ਸੰਗੀਤ ਵਿਰਾਸਤ ਦੀ ਸੰਭਾਲ ਤੇ ਪ੍ਰਚਾਰ ਵਿਚ ਲੱਗੇ ਹੋਏ ਹਨ। ਜੇਕਰ ਸਾਰੀਆਂ ਯੂਨੀਵਰਸਿਟੀਆਂ ਤੇ ਅਦਾਰੇ ਇਸੇ ਤਰ੍ਹਾਂ ਕਾਰਜ ਕਰਨ ਤਾਂ ਸਰਬ ਸਾਂਝੇ ਗੁਰੂ ਸ਼ਬਦ ਦਾ ਪ੍ਰਚਾਰ ਸਾਰੀ ਮਾਨਵਤਾ ਦੇ ਕਲਿਆਣ ਲਈ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਵਲੋਂ ਅਜਿਹੇ ਕਾਰਜਾਂ ਨੂੰ ਹਮੇਸ਼ਾ ਹੀ ਸਰਪਰਸਤੀ ਦਿਤੀ ਜਾਵੇਗੀ।

ਗਿਆਨੀ ਤਰਲੋਚਨ ਸਿੰਘ, ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਨੇ ਵਰਤਮਾਨ ਸਮੇਂ ਬਾਣੀ ਦੇ ਸ਼ੁੱਧ ਉਚਾਰਣ ਤੇ ਗਾਇਨ ਦੇ ਮਹੱਤਵ ਨੂੰ ਆਪਣੇ ਸ਼ਬਦਾਂ ਵਿਚ ਉਜਾਗਰ ਕਰਦਿਆਂ ਲਗਪਗ ਡੇਢ ਮਹੀਨਾ ਚਲਣ ਵਾਲੇ ਇਸ ਪ੍ਰੋਗਰਾਮ ਨੂੰ ਇਕ ਸਾਰਥਕ ਕਦਮ ਦਸਿਆ ਜੋ ਵਿਦਵਤਾ ਦੇ ਦੰਭ ਤੇਬ ਪਾਖੰਡ ਤੋਂ ਉਪਰ ਗੁਰਮਤਿ ਦੀ ਸਹੀ ਸਿਖਿਆ ਦਾ ਕਾਰਜ ਹੈ।

ਜਥੇਦਾਰ ਅਵਤਾਰ ਸਿੰਘ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਿਹਾ ਕਿ ਗੁਰਮਤਿ ਸੰਗੀਤ ਚੇਅਰ - ਗੁਰਮਤਿ ਸੰਗੀਤ ਵਿਭਾਗ ਅਕਾਦਮਿਕ ਪੱਧਰ ਤੇ ਜੋ ਸੇਵਾ ਕਰ ਰਿਹਾ ਹੈ, ਉਹ ਇਤਿਹਾਸਕ ਤੇ ਸਲਾਹੁਣਯੋਗ ਹੈ। ਖਾਸ ਕਰਕੇ ਸ੍ਰੀ ਦਰਬਾਰ ਸਾਹਿਬ ਦੇ ਜੋ ਤੰਤੀ ਸਾਜ਼ਾਂ ਦਾ ਪ੍ਰਚਲਨ ਹੋਇਆ ਹੈ, ਉਸ ਵਿਚ ਡਾ. ਗੁਰਨਾਮ ਸਿੰਘ ਤੇ ਇਨ੍ਹਾਂ ਦੀ ਟੀਮ ਦਾ ਬੁਨਿਆਦੀ ਯੋਗਦਾਨ ਹੈ। ਇਸ ਨਾਲ ਜਿਥੇ ਨੌਜੁਆਨ ਪੀੜ੍ਹੀ ਸਿੱਖੀ ਨਾਲ ਜੁੜੀ ਹੈ, ਉਥੇ ਉਹ ਆਪਣੀ ਗੁਰਮਤਿ ਤੇ ਸੰਗੀਤਕ ਵਿਰਾਸਤ ਦੀ ਪੀ-ਐਚ.ਡੀ. ਤੱਕ ਉਚ ਵਿਦਿਆ ਗ੍ਰਹਿਣ ਕਰ ਰਹੀ ਹੈ। ਨਵੀਂ ਪੀੜ੍ਹੀ ਦੇ ਸਿਖਿਆਰਥੀ ਸਿਖਿਆ ਲੈ ਕੇ ਸੁਸਿਖਿਅਤ ਅਤੇ ਪੜ੍ਹੇ ਲਿਖੇ ਕੀਰਤਨੀਏ, ਪਾਠੀ, ਗ੍ਰੰਥੀ ਬਣ ਰਹੇ ਹਨ ਤੇ ਉਨ੍ਹਾਂ ਨੂੰ ਸਨਮਾਨਯੋਗ ਰੁਜ਼ਗਾਰ ਵੀ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਨ੍ਹਾਂ ਸਾਰੇ ਸਿਖਿਆਰਥੀਆਂ ਨੂੰ ਪ੍ਰੀਖਿਆ ਉਪਰੰਤ ਨੌਕਰੀਆਂ ਦੇਣ ਲਈ ਵੀ ਹੰਭਲਾ ਮਾਰੇਗੀ। ਭਵਿੱਖ ਵਿਚ ਅਜਿਹੇ ਉਦਮਾਂ ਨੂੰ ਹਮੇਸ਼ਾ ਹੀ ਸਹਿਯੋਗ ਦਿਤਾ ਜਾਂਦਾ ਰਹੇਗਾ।

ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਨੇ ਵਿਭਾਗ ਵਲੋਂ ਗੁਰਮਤਿ ਸੰਗੀਤ ਸਬੰਧੀ ਧਰਮ ਤੇ ਸਮਾਜ ਦੇ ਖੇਤਰ ਵਿਚ ਬੁਨਿਆਦੀ ਲੋੜਾਂ ਦੀ ਪੂਰਤੀ ਲਈ ਵਿਹਾਰਕ ਰੂਪ ਵਿਚ ਕੀਤੇ ਜਾ ਰਹੇ ਅਕਾਦਮਿਕ ਕਾਰਜਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਅਕਾਦਮਿਕ ਖੇਤਰ ਤੇ ਵਿਦਵਾਨ ਨੂੰ ਸਮਾਜ ਨੈਤਿਕ ਮੁਲਾਂ ਤੇ ਵਿਰਾਸਤੀ ਪਰੰਪਰਾਵਾਂ ਦੇ ਪ੍ਰਚਾਰ ਲਈ ਜਨ ਸਧਾਰਣ ਨਾਲ ਜੁੜ ਕੇ ਕਾਰਜ ਕਰਨਾ ਚਾਹੀਦਾ ਹੈ। ਜਿਸਦੀ ਇਕ ਮਿਆਰੀ ਮਿਸਾਲ ਗੁਰਮਤਿ ਸੰਗੀਤ ਚੇਅਰ - ਗੁਰਮਤਿ ਸੰਗੀਤ ਵਿਭਾਗ ਨੇ ਪਿਛਲੇ ਸਮੇਂ ਦੌਰਾਨ ਸਥਾਪਤ ਕੀਤੀ ਹੈ। ਉਨ੍ਹਾਂ ਪੰਜਾਬੀ ਯੂਨੀਵਰਸਿਟੀ ਦੇ ਹੋਰ ਵਿਭਾਗਾਂ ਵਲੋਂ ਵੀ ਇਸੇ ਮਿਸਾਲ ਤੇ ਚਲ ਕੇ ਵਿਕਾਸ ਕਰਨ ਦੀ ਪ੍ਰੇਰਨਾ ਦਿਤੀ। ਸਮਾਗਮ ਵਿਚ ਹੋਰਨਾ ਤੋਂ ਇਲਾਵਾ ਜਸਵੀਰ ਸਿੰਘ, ਅਮਨਦੀਪ ਸਿੰਘ, ਡਾ.ਬਲਕਾਰ ਸਿੰਘ, ਡਾ.ਹਰਜਿੰਦਰ ਸਿੰਘ ਵਾਲੀਆ, ਸ਼ਵਿੰਦਰ ਸਿੰਘ ਸੱਭਰਵਾਲ, ਪਰਮਜੀਤ ਕੌਰ, ਤੇਜਿੰਦਰਪਾਲ ਸਿੰਘ ਸੰਧੂ, ਗਿਆਨੀ ਸੁਖਦੇਵ ਸਿੰਘ, ਗਿਆਨੀ ਜਾਗੀਰ ਸਿੰਘ ਮੈਨੇਜਰ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਵਿਸ਼ੇਸ਼ ਰੂਪ ਵਿਚ ਹਾਜ਼ਰ ਹੋਏ ਅਤੇ ਇਨ੍ਹਾਂ ਤੋਂ ਇਲਾਵਾ ਪੰਜਾਬੀ ਯੂਨੀਵਰਸਿਟੀ ਅਤੇ ਇਸ ਦੇ ਨਾਲ ਦੇ ਇਲਾਕਿਆਂ ਤੋਂ ਭਾਰੀ ਗਿਣਤੀ ਵਿਚ ਸਿਖਿਆਰਥੀ, ਯੂਨੀਵਰਸਿਟੀ ਕਰਮਚਾਰੀ ਤੇ ਵਿਦਿਆਰਥੀ ਪਹੁੰਚੇ ਹੋਏ ਸੀ। 25 ਅਗਸਤ ਤਕ ਲਗਪਗ ਨਿਰੰਤਰ ਚਲਣ ਵਾਲਾ ਇਹ ਸੰਥਿਆ ਸਮਾਗਮ ਤਿੰਨ ਵਜੇ ਤੋਂ ਸੱਤ ਵਜੇ ਸ਼ਾਮ ਤੱਕ ਚਲੇਗਾ।

ਸਮਾਗਮ ਵਿਚ ਪਹੁੰਚੀਆਂ ਸ਼ਖਸੀਅਤਾਂ ਤੋਂ ਇਲਾਵਾ ਇਹ ਸੰਥਿਆ ਕਰਵਾਉਣ ਵਾਲੇ ਵਿਦਵਾਨ ਗਿਆਨੀ ਭਰਪੂਰ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

Postal Regd. No. G/CDH/0045/2009-10 RNI Regd. No. 46788/89 ISSN 0972-2335

